ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 20*Issue 42 | Monday, March 01, 2021 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਪੀਲ ਰੀਜਨ ਵਿੱਚ 80 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਦੀ ਕੋਵਿਡ-19 ਵੈਕਸੀਨੇਸ਼ਨ ਸ਼ੁਰੂ

ਓਨਟਾਰੀਓ, 28 ਫਰਵਰੀ (ਪੋਸਟ ਬਿਊਰੋ) : ਪੀਲ ਰੀਜਨ ਵਿੱਚ 80 ਸਾਲ ਤੇ ਇਸ ਤੋਂ ਵੱਧ ਉਮਰ ਵਰਗ ਦੇ ਲੋਕਾਂ ਦੀ ਕੋਵਿਡ-19 ਵੈਕਸੀਨੇਸ਼ਨ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਹੋਰਨਾਂ ਰੀਜਨਜ਼ ਵੱਲੋਂ ਵੀ ਇਸੇ ਉਮਰ ਵਰਗ ਦੇ ਲੋਕਾਂ ਦੀ ਪ੍ਰੀ ਰਜਿਸਟਰੇਸ਼ਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।



ਯੌਰਕ ਰੀਜਨ ਤੇ ਗੁਐਲਫ ਅਜਿਹੇ ਦੋ ਹੋਰ ਏਰੀਆਜ਼ ਹਨ ਜਿਨ੍ਹਾਂ ਨੇ 80 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਦੀ ਕੋਵਿਡ-19 ਵੈਕਸੀਨੇਸ਼ਨ ਲਈ ਪ੍ਰੀ ਰਜਿਸਟ੍ਰੇਸ਼ਨ ਸ਼ੁਰੂ ਕਰ ਦਿੱਤੀ ਹੈ। ਪ੍ਰੋਵਿੰਸ ਦਾ ਆਨਲਾਈਨ ਬੁਕਿੰਗ ਪੋਰਟਲ 15 ਮਾਰਚ ਤੋਂ ਪਹਿਲਾਂ ਤਿਆਰ ਹੋਣ ਦੀ ਸੰਭਾਵਨਾ ਨਹੀਂ ਹੈ। ਇਸੇ ਲਈ ਜਿਨ੍ਹਾਂ ਨੂੰ ਤਰਜੀਹੀ ਤੌਰ ਉੱਤੇ ਵੈਕਸੀਨੇਟ ਕੀਤਾ ਜਾਣਾ ਹੈ ਉਨ੍ਹਾਂ ਨੂੰ ਆਪਣੀ ਅਪੁਆਇੰਟਮੈਂਟ ਲਈ ਪ੍ਰੀ ਰਜਿਸਟ੍ਰੇਸ਼ਨ ਕਰਵਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ।

ਟ੍ਰਿਲੀਅਮ ਹੈਲਥ ਪਾਰਟਨਰਜ਼ (ਟੀਐਚਪੀ) ਵੱਲੋਂ ਵੀ 80 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਇਸ ਵੀਕੈਂਡ ਤੋਂ ਹੌਸਪਿਟਲ ਵੱਲੋਂ ਚਲਾਏ ਜਾਣ ਵਾਲੇ ਕਲੀਨਿਕਸ ਵਿੱਚ ਕੋਵਿਡ-19 ਦੀਆਂ ਸੀਮਤ ਡੋਜ਼ਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਹਸਪਤਾਲ ਦੇ ਅਧਿਕਾਰੀਆਂ ਨੇ ਦੱਸਿਆ ਕਿ ਸਪਲਾਈ ਬਹੁਤ ਹੀ ਸੀਮਤ ਹੈ ਇਸ ਲਈ 80 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਦਾ ਇੱਕਠਿਆਂ ਟੀਕਾਕਰਣ ਸੰਭਵ ਨਹੀਂ ਹੈ। ਉਨ੍ਹਾਂ ਇਹ ਵੀ ਆਖਿਆ ਕਿ ਸਮੁੱਚੀ ਕਮਿਊਨਿਟੀ ਦੇ ਟੀਕਾਕਰਣ ਲਈ ਵੀ ਉਹ ਪੜਾਅਵਾਰ ਪਹੁੰਚ ਨੂੰ ਹੀ ਅਪਨਾਉਣਗੇ।

ਟੀਐਚਪੀ ਨੇ ਆਖਿਆ ਕਿ ਹਾਲ ਦੀ ਘੜੀ ਉਹ ਸੀਮਤ ਨੰਬਰ ਵਿੱਚ ਵੈਕਸੀਨੇਸ਼ਨ ਅਪੁਆਇੰਟਮੈਂਟਸ ਬੁੱਕ ਕਰ ਰਹੇ ਹਨ ਤੇ ਅਜੇ ਸਿਰਫ ਉਨ੍ਹਾਂ ਉੱਤੇ ਹੀ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ ਜਿਹੜੇ ਹਸਪਤਾਲ ਵਿੱਚ ਹਨ ਪਰ ਉਨ੍ਹਾਂ ਆਖਿਆ ਕਿ ਕੁੱਝ ਹੀ ਦਿਨਾਂ ਵਿੱਚ ਉਨ੍ਹਾਂ ਵੱਲੋਂ ਬੁਕਿੰਗ ਸਿਸਟਮ ਲਾਂਚ ਕੀਤਾ ਜਾਵੇਗਾ।

## ਸੈਨਾ ਵਿੱਚ ਕਿਸੇ ਵੀ ਤਰ੍ਹਾਂ ਦੇ ਦੁਰਾਚਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਸੱਜਣ



ਓਟਵਾ, 28 ਫਰਵਰੀ (ਪੋਸਟ ਬਿਊਰੋ) : ਰੱਖਿਆ ਮੰਤਰੀ ਹਰਜੀਤ ਸੱਜਣ ਦਾ ਕਹਿਣਾ ਹੈ ਕਿ ਕੈਨੇਡਾ ਦੀਆਂ ਹਥਿਆਰਬੰਦ ਸੈਨਾਵਾਂ ਵਿੱਚ ਦੁਰਾਚਾਰ ਸਬੰਧੀ ਮਿਲ ਰਹੀਆਂ ਸ਼ਿਕਾਇਤਾਂ ਨੂੰ ਹੋਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਅਜਿਹਾ ਕਰਨ ਪਿੱਛੇ ਭਾਵੇਂ ਕੋਈ ਵੀ ਜ਼ਿੰਮੇਵਾਰ ਕਿਉਂ ਨਾ ਹੋਵੇ ਉਸ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਇੱਕ ਇੰਟਰਵਿਊ ਵਿੱਚ ਸੱਜਣ ਨੇ ਆਖਿਆ ਕਿ ਸੈਨਾਂ ਨੂੰ ਇਸ ਤਰ੍ਹਾਂ ਦੀਆਂ ਘਟਨਾਵਾਂ ਉੱਤੇ ਪ੍ਰਤੀਕਿਰਿਆ ਦੇਣ ਦੀ ਥਾਂ ਇਨ੍ਹਾਂ ਨੂੰ ਰੋਕਣਾ ਹੋਵ-ੇਗਾ। ਇੱਥੇ ਉਹ ਸੈਨਾਂ ਦੇ ਦੋ ਆਲ੍ਹਾ ਅਧਿਕਾਰੀਆਂ ਉੱਤੇ ਲਾਏ ਗਏ ਦੁਰ-ਾਚਾਰ ਦੇ ਸੰਗੀਨ ਇਲਜ਼ਾਮਾਂ ਦੇ ਸਬੰਧ ਵਿੱਚ ਗੱਲ ਕਰ ਰਹੇ ਸਨ। ਬੁੱਧਵਾਰ ਨੂੰ ਸੱਜਣ ਨੇ ਐਲਾਨ ਕੀਤਾ ਸੀ ਕਿ ਐਡਮਿਰਲ ਆਰਟ ਮੈਕਡੌਨਲਡ ਵੱਲੋਂ ਕੈਨੇਡਾ ਦੇ ਚੀਫ ਆਫ ਡਿਫੈਂਸ ਸਟਾਫ ਦੇ ਅਹੁਦੇ ਤੋਂ ਆਪਣੀ ਮਰਜ਼ੀ ਨਾਲ ਪਾਸੇ ਹਟਿਆ ਜਾ ਰਿਹਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਐਡਮਿਰਲ ਮੈਕਡੌਨਲਡ ਖਿਲਾਫ ਦੁਰਾਚਾਰ ਦੇ ਲਾਏ ਗਏ ਦੋਸ਼ਾਂ ਦੇ ਸਬੰਧ ਵਿੱਚ ਜਾਂਚ ਜਾਰੀ ਹੈ ਤੇ ਇਹ ਜਾਂਚ ਮਿਲਟਰੀ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ।


ਉਨ੍ਹਾਂ ਤੋਂ ਇਲਾਵਾ ਮੈਕਡੌਨਲਡ ਤੋਂ ਪਹਿਲਾਂ ਚੀਫ ਆਫ ਡਿਫੈਂਸ ਸਟਾਫ ਰਹਿ ਚੁੱਕੇ ਜੌਨਾਥਨ ਵੈਂਸ ਦੇ ਖਿਲਾਫ ਵੀ ਵੱਖਰੇ ਤੌਰ ਉੱਤੇ ਜਾਂਚ ਚੱਲ ਰਹੀ ਹੈ। ਜ਼ਿਕਰਯੋਗ ਹੈ ਕਿ ਅਜੇ ਛੇ ਹਫਤੇ ਪਹਿਲਾਂ ਹੀ ਮੈਕਡੌਨਲਡ ਨੇ ਵਾਂਸ ਦੀ ਥਾਂ ਇਹ ਅਹੁਦਾ ਸਾਂਭਿਆ ਸੀ। ਵਾਂਸ ਦੀ ਰਿਟਾਇਰਮੈਂਟ ਤੋਂ ਬਾਅਦ ਮਿਲਟਰੀ ਪੁਲਿਸ ਨੇ ਉਨ੍ਹਾਂ ਖਿਲਾਫ ਕਥਿਤ ਤੌਰ ਉੱਤੇ ਅਹੁਦੇ ਉੱਤੇ ਰਹਿੰਦਿਆਂ ਅਢੁਕਵੇਂ ਵਿਵਹਾਰ ਦੇ ਸਬੰਧ ਵਿੱਚ ਜਾਂਚ ਸ਼ੁਰੂ ਕੀਤੀ ਸੀ।

ਇੰਟਰਵਿਊ ਵਿੱਚ ਸੱਜਣ ਨੇ ਆਖਿਆ ਕਿ ਅਹਿਮ ਗੱਲ ਇਹ ਹੈ ਕਿ ਜਦੋਂ ਤੁਹਾਨੂੰ ਅਜਿਹੀ ਕਿਸੇ ਤਰ੍ਹਾਂ ਦੀ ਸ਼ਿਕਾਇਤ ਮਿਲਦੀ ਹੈ ਤਾਂ ਤੁਸੀਂ ਉਸ ਸਬੰਧ ਵਿੱਚ ਕਾਰਵਾਈ ਕਰਦੇ ਹੋ ਜਾਂ ਨਹੀਂ? ਉਨ੍ਹਾਂ ਆਖਿਆ ਕਿ ਬਿਲਕੁਲ, ਜੇ ਕੋਈ ਅਜਿਹੀ ਸ਼ਿਕਾਇਤ ਮਿਲਦੀ ਹੈ ਤਾਂ ਫਿਰ ਅਸੀਂ ਕਿਸੇ ਦੇ ਰੈਂਕ, ਕਿਸੇ ਦੇ ਅਹੁਦੇ ਦੀ ਪਰਵਾਹ ਨਹੀਂ ਕਰਦੇ ਸਗੋਂ ਉਸ ਸਬੰਧ ਵਿੱਚ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ ਤੇ ਅਸੀਂ ਸੱਭ ਕੁੱਝ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ।

## ਅਮਰੀਕਾ ਨੂੰ ਭਲਕੇ ਹਾਸਲ ਹੋਵੇਗੀ ਜੌਹਨਸਨ ਐਂਡ ਜੌਹਨਸਨ ਦੀ ਕੋਵਿਡ-19 ਵੈਕਸੀਨ ਦੀ ਪਹਿਲੀ ਖੇਪ

ਵਾਸ਼ਿੰਗਟਨ, 28 ਫਰਵਰੀ (ਪੋਸਟ ਬਿਊਰੋ) : ਕੋਵਿਡ-19 ਦੇ ਸਬੰਧ ਵਿੱਚ ਮਨਜ਼ੂਰ ਜੌਹਨਸਨ ਐਂਡ ਜੌਹਨਸਨ ਦੀ ਨਵੀਂ ਵੈਕਸੀਨ ਦੀ ਪਹਿਲੀ ਖੇਪ ਮੰਗਲਵਾਰ ਨੂੰ ਅਮਰੀਕਾ ਨੂੰ ਹਾਸਲ ਹੋ ਜਾਵੇਗੀ। ਐਤਵਾਰ ਨੂੰ ਸੀਨੀਅਰ ਪ੍ਰਸ਼ਾਸਕੀ ਅਧਿਕਾਰੀਆਂ ਨੇ ਦੱਸਿਆ ਕਿ ਇਸ ਨਾਲ ਦੇਸ਼ ਭਰ ਵਿੱਚ ਟੀਕਾਕਰਣ ਵਿੱਚ ਤੇਜ਼ੀ ਆਵੇਗੀ।

ਅਧਿਕਾਰੀਆਂ ਨੇ ਇਹ ਵੀ ਮੰਨਿਆ ਕਿ ਘੱਟ ਗਿਣਤੀਆਂ ਵਿੱਚ ਟੀਕਾਕਰਣ ਦੀ ਦਰ ਓਨੀ ਨਹੀਂ ਹੈ ਜਿੰਨੀ ਕਿ ਉਹ ਚਾਹੁੰਦੇ ਹਨ। ਪਰ ਫੈਡਰਲ ਅਧਿਕਾਰੀਆਂ ਨੇ ਆਖਿਆ ਕਿ ਉਹ ਵੈਕਸੀਨ ਦੀ ਵੰਡ ਉੱਤੇ ਬਾਰੀਕੀ ਨਾਲ ਨਜ਼ਰ ਰੱਖ ਰਹੇ ਹਨ ਤੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਵੈਕਸੀਨ ਦੀ ਵੰਡ ਬਰਾਬਰ ਰਹੇ।




ਉਨ੍ਹਾਂ ਅਮਰੀਕਾ ਦੇ ਸਾਰੇ ਬਾਸ਼ਿੰਦਿਆਂ ਨੂੰ ਅਪੀਲ ਕੀਤੀ ਕਿ ਜਿਵੇਂ ਹੀ ਵੈਕਸੀਨ ਲਵਾਉਣ ਦੀ ਉਨ੍ਹਾਂ ਦੀ ਵਾਰੀ ਆਵੇ ਤਾਂ ਉਹ ਆਪਣਾ ਟੀਕਾਕਰਣ ਜ਼ਰੂਰ ਕਰਵਾਉਣ। ਉਨ੍ਹਾਂ ਇਹ ਯਕੀਨ ਦਿਵਾਉਣ ਦੀ ਵੀ ਕੋਸ਼ਿਸ਼ ਕੀਤੀ ਕਿ ਅਤੀਤ ਵਿੱਚ ਮੈਡੀਕਲ ਫੀਲਡ ਵਿੱਚ ਪੱਖਪਾਤ ਦੇ ਸਾਹਮਣੇ ਆਏ ਮਾਮਲਿਆਂ ਤੋਂ ਬਾਅਦ ਹੁਣ ਸੱਭ ਕੁੱਝ ਦਰੁਸਤ ਕਰ ਲਿਆ ਗਿਆ ਹੈ ਤੇ ਰੱਖਿਆ ਦੇ ਵੀ ਸਾਰੇ ਇੰਤਜ਼ਾਮ ਕਰ ਲਏ ਗਏ ਹਨ।

## ਸਟੋਰ ਵਿੱਚ ਡਾਕਾ ਮਾਰਨ ਦੀ ਕੋਸ਼ਿਸ਼ ਕਰਨ ਵਾਲੇ ਦੀ ਕੀਤੀ ਜਾ ਰਹੀ ਹੈ ਭਾਲ

ਮਿਸੀਸਾਗਾ, 28 ਫਰਵਰੀ (ਪੋਸਟ ਬਿਊਰੋ) : ਮਿਸੀਸਾਗਾ ਦੇ ਇੱਕ ਨਿੱਕੇ ਪਲਾਜ਼ਾ ਵਿੱਚ ਡਾਕਾ ਮਾਰਨ ਦੀ ਕੋਸ਼ਿਸ਼ ਕਰਨ ਵਾਲੇ ਇੱਕ ਮਸ਼ਕੂਕ ਦੀ ਪੀਲ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ। ਪੁਲਿਸ ਨੂੰ ਸਵੇਰੇ 9:00 ਵਜੇ ਇਹ ਰਿਪੋਰਟ ਮਿਲੀ ਕਿ ਬਲੂਅਰ ਸਟਰੀਟ ਤੇ ਫੀਲਡਗੇਟ ਡਰਾਈਵ ਇਲਾਕੇ ਵਿੱਚ ਸਥਿਤ ਫੀਲਡਗੇਟ ਪਲਾਜ਼ਾ ਦੇ ਅੰਦਰ ਇੱਕ ਹਥਿਆਰਬੰਦ ਵਿਅਕਤੀ ਮੌਜੂਦ ਹੈ ਜੋ ਕਿ ਸਟੋਰ ਨੂੰ ਲੁੱਟਣ ਦੀ ਕੋਸ਼ਿਸ਼ ਕਰ ਰਿਹਾ ਹੈ। ਜਾਂਚਕਾਰਾਂ ਨੇ ਦੱਸਿਆ ਕਿ ਸਟੋਰ ਦੇ ਮੁਲਾਜ਼ਮ ਭੱਜਣ ਵਿੱਚ ਕਾਮਯਾਬ ਹੋ ਗਏ ਤੇ ਉਨ੍ਹਾਂ ਪੁਲਿਸ ਨੂੰ ਸੱਦਣ ਤੋਂ ਪਹਿਲਾਂ ਮਸ਼ਕੂਕ ਨੂੰ ਸਟੋਰ ਵਿੱਚ ਹੀ ਬੰਦ ਕਰ ਦਿੱਤਾ।

ਮੌਕੇ ਉੱਤੇ ਟੈਕਟੀਕਲ ਤੇ ਕੇਨਾਈਨ ਯੂਨਿਟਸ ਵੀ ਪਹੁੰਚੀਆਂ ਪਰ ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਮਸ਼ਕੂਕ ਫਰਾਰ ਹੋ ਗਿਆ। ਇਸ ਮਾਮਲੇ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਰੌਬਰੀ ਡਵੀਜ਼ਨ ਦੇ ਜਾਂਚਕਾਰਾਂ ਵੱਲੋਂ ਜਾਂਚ ਆਪਣੇ ਹੱਥ ਵਿੱਚ ਲੈ ਲਈ ਗਈ ਹੈ। ਹਾਲ ਦੀ ਘੜੀ ਮਸ਼ਕੂਕ ਦਾ ਵੇਰਵਾ ਵੀ ਜਾਰੀ ਨਹੀਂ ਕੀਤਾ ਗਿਆ ਹੈ।

## ਮਿਆਂਮਾਰ ਵਿੱਚ ਵਿਰੋਧ-ਪ੍ਰਦਰਸ਼ਨਾਂ ਦੌਰਾਨ ਇੱਕੋ ਦਿਨ ਪੁਲਸ ਗੋਲੀ ਨਾਲ 18 ਲੋਕਾਂ ਦੀ ਮੌਤ

ਮਿਆਂਮਾਰ, 28 ਫਰਵਰੀ, (ਪੋਸਟ ਬਿਊਰੋ)- ਭਾਰਤ ਦੇ ਗਵਾਂਢੀ ਦੇਸ਼ ਮਿਆਂਮਾਰ ਵਿਚ ਫੌਜੀਤਖਤਾਪਲਟ ਦੇ ਖਿਲਾਫ ਅੱਜ ਐਤਵਾਰ ਪ੍ਰਦਰਸ਼ਨ ਕਰਦੇ ਲੋਕਾਂ ਉੱਤੇ ਪੁਲਸ ਨੇ ਗੋਲੀਆਂ ਚਲਾਈਆਂ, ਜਿਸ ਨਾਲ ਘੱਟੋ-ਘੱਟ 18 ਲੋਕਾਂ ਦੀ ਮੌਤ ਹੋ ਗਈ। ਯੂ ਐੱਨ ਮਨੁੱਖੀ ਅਧਿਕਾਰ ਦਫਤਰ ਨੇ ਇਸ ਨੂੰ ਤਖਤਾ ਪਲਟ ਦੇ ਵਿਰੋਧ ਵਿਚ ਕੀਤੀਆਂ ਗਈਆਂ ਰੈਲੀਆਂ ਦਾ ਸਭ ਤੋਂ ਘਾਤਕ ਦਿਨ ਕਿਹਾ ਹੈ। ਮਿਆਂਮਾਰ ਦੇ ਕਈ ਸ਼ਹਿਰਾਂ, ਜਿਵੇਂ ਯੰਗੂਨ, ਦਵੇਈ ਅਤੇ ਮਾਂਡਲੇ ਤੋਂ ਵੀ ਲੋਕਾਂ ਦੇ ਮਾਰੇ ਜਾਣ ਦੀਆਂ ਖਬਰਾਂ ਮਿਲ ਰਹੀਆਂ ਹਨ। ਇਸ ਦਾ ਕਾਰਨ ਇਹ ਦੱਸਿਆਗਿਆ ਹੈ ਕਿ ਪੁਲਸ ਲੋਕਾਂ ਦੇ ਖਿਲਾਫਅਸਲੀ ਗੋਲੀਆਂ ਅਤੇ ਹੰਝੂ ਗੈਸ ਦੇ ਗੋਲਿਆਂ ਦੀ ਵਰਤੋਂ ਕਰ ਰਹੀ ਹੈ। ਵਰਨਣ ਯੋਗ ਹੈ ਕਿ ਸੁਰੱਖਿਆ ਫੋਰਸਾਂ ਨੇ ਬੀਤੀ 1 ਫਰਵਰੀ ਨੂੰ ਇਸ ਦੇਸ਼ ਵਿੱਚ ਹੋਏ ਫੌਜੀ ਤਖਤਾਪਲਟ ਤੋਂ ਬਾਅਦ ਕਈ ਹਫਤਿਆਂ ਤੱਕ ਚੱਲੇ ਸ਼ਾਂਤਮਈ ਵਿਰੋਧ-ਵਿਖਾਵਿਆਂ ਪਿੱਛੋਂ ਸ਼ਨੀਵਾਰ ਤੋਂ ਹਿੰਸਕ ਫੋਰਸ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ। ਸੋਸ਼ਲ ਮੀਡੀਆ ਉੱਤੇ ਜਾਰੀ ਵੀਡੀਓ ਫੁਟੇਜ ਵਿਚ ਪੁਲਸ ਵੱਲੋਂ ਹਮਲਾ ਬੋਲਦੇ ਸਾਰ ਲੋਕ ਭੱਜਦੇ ਦਿੱਸ ਰਹੇ ਹਨ। ਕਈ ਸੜਕਾਂ ਉੱਤੇ ਰੋਡਬਲਾਕ ਬਣਾਏ ਜਾ ਰਹੇ ਹਨ ਤੇ ਲੋਕ ਖੂਨ ਨਾਲ ਭਿੱਜੇ ਦਿੱਸਦੇ ਹਨ।



...ਬਾਕੀ ਪੰਨਾ 3 'ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

ALL KINDS OF IMMIGRATION SERVICES
iccrc crcic
Call: 416 278 4449 | 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH Director, Member of ICCRC, Oath commissioner of Manitoba
Toronto: 149-2960 Drew Road, Mississauga | Winnipeg: 678 McPhillipsStreet, Winnipeg

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ
Late Evening and Weekends Appointments Available
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
416-502-3100 | 1888 864 3131
Jasbir Singh Hundal Qualified Credit Counsellor
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance | Walkie pallet | Electric Motor | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

# ਮੋਰ ਕਰੀਮਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਾ ਫੜ੍ਹਿਆ ਗਿਆ

ਚੌਂਕੀਮਾਨ, 28 ਫਰਵਰੀ (ਪੋਸਟ ਬਿਊਰੋ)- ਹਲਕਾ ਦਾਖਾ ਦੇ ਪਿੰਡ ਮੋਰ ਕਰੀਮਾ ਵਿਚਲੇ ਗੁਰਦੁਆਰਾ ਭਗਤ ਰਵਿਦਾਸ ਸਾਹਿਬ ’ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ। ਸੇਵਾਦਾਰਾਂ ਨੇ ਇਸ ਪਿੱਛੋਂ ਇੱਕ ਦੋਸ਼ੀ ਨੂੰ ਮੌਕੇ ’ਤੇ ਫੜ ਕੇ ਪੁਲਸ ਦੇ ਹਵਾਲੇ ਕੀਤਾ ਹੈ।



ਮਿਲੀ ਜਾਣਕਾਰੀ ਅਨੁਸਾਰ ਗੁਰਦੁ-ਆਰਾ ਸਾਹਿਬ ਵਿਖੇ ਭਗਤ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਬਾਰੇ ਅਖੰਡ ਪਾਠ ਸਾਹਿਬ ਚੱਲ ਰਿਹਾ ਸੀ। ਕੱਲ੍ਹ ਤੜਕੇ ਪਹਿਲੇ ਪਹਿਰ ਇੱਕ ਵਿਅਕਤੀ ਗੁਰੂ ਘਰ ਵਿੱਚ ਆਇਆ ਅਤੇ ਪਾਲਕੀ ਅੱਗੇ ਪਈ ਕ੍ਰਿਪਾਨ ਚੁੱਕ ਕੇ ਗੋਲਕ ’ਤੇ ਕਈ ਵਾਰ ਕੀਤੇ ਅਤੇ ਫਿਰ ਪੌੜੀਆਂ ਚੜ੍ਹ ਕੇ ਗੁਰਦੁ-ਆਰਾ ਸਾਹਿਬ ਵਿਖੇ ਬਣੇ ਸੱਚਖੰਡ ’ਚ ਚਲਾ ਗਿਆ, ਜਿੱਥੇ ਧਾਰਮਿਕ ਗ੍ਰੰਥ ਸਨ। ਉਸ ਨੇ ਸ੍ਰੀ ਗੁਰਦੁਆਰਾ ਗ੍ਰੰਥ ਸਾਹਿਬ ਦੀ ਪਾਵਨ ਬੀੜ ਨੂੰ ਹੇਠਾਂ ਜ਼ਮੀਨ ’ਤੇ ਰੱਖ ਦਿੱਤਾ ਅਤੇ ਹੋਰ ਗੜਬੜੀ ਕਰਨ ਲੱਗਿਆ। ਇਸ ਤੋਂ ਬਾਅਦ ਅਖੰਡ ਸਾਹਿਬ ਵਿਖੇ ਰੌਲ ਲਾ ਰਹੇ ਪਾਠੀ ਨੇ ਇਸ਼ਾਰੇ ਨਾਲ ਸੇਵਾਦਾਰਾਂ ਨੂੰ ਜਗਾਇਆ। ਸੱਚਖੰਡ ਵਿੱਚ ਖੜਕੇ ਦੀਆਂ ਆਵਾਜ਼ਾਂ ਸੁਣ ਸੇਵਾਦਾਰ ਉਥੇ ਪੁੱਜੇ ਅਤੇ ਉਨ੍ਹਾਂ ਨੇ ਉਸ ਵਿਅਕਤੀ ਨੂੰ ਕਾਬੂ ਕਰ ਪਿੰਡ ਦੇ ਸਰਪੰਚ ਕਮਲਜੀਤ ਸਿੰਘ ਛੋਕਰ ਨੂੰ ਦੱਸਿਆ। ਸਰਪੰਚ ਨੇ ਦਾਖਾ ਥਾਣੇ ਦੀ ਪੁਲਸ ਨੂੰ ਦੱਸਿਆ। ਫੜੇ ਗਏ ਵਿਅਕਤੀ ਦੀ ਪਛਾਣ ਸੂਡਾਨ ਦੇ ਨਾਗਰਿਕ ਵਜੋਂ ਹੋਈ ਹੈ। ਥਾਣਾ ਦਾਖਾ ਦੇ ਮੁਖੀ ਇੰਸਪੈਕਟਰ ਪ੍ਰੇਮ ਸਿੰਘ ਨੇ ਮੌਕੇ ’ਤੇ ਪੁੱਜ ਕੇ ਉਸ ਵਿਅਕਤੀ ਨੂੰ ਹਿਰਾਸਤ ’ਚ ਲੈ ਲਿਆ।

# ਗਣਤੰਤਰ ਦਿਵਸ ਹਿਸਾ ਮਾਮਲੇ ਵਿਚ ਸਿੱਖਾਂ ਖ਼ਿਲਾਫ਼ ਕੂੜ ਪ੍ਰਚਾਰ ਦੇ ਦੋਸ਼ਾਂ ਤੋਂ ਮੀਡੀਆ ਘਰਾਣੇ ਦਾਇਨਕਾਰ

ਨਵੀਂ ਦਿੱਲੀ, 28 ਫਰਵਰੀ (ਪੋਸਟ ਬਿਊਰੋ)- ਇੱਕ ਮੀਡੀਆ ਘਰਾਣੇ ਨੇ ਦਿੱਲੀ ਦੀ ਹਾਈ ਕੋਰਟ ਵਿੱਚ ਇਸ ਦੋਸ਼ ਤੋਂ ਇਨਕਾਰ ਕੀਤਾ ਹੈ ਕਿ ਨਵੇਂ ਖੇਤੀ ਕਾਨੂੰਨਾਂ ਖ਼ਿਲਾਫ਼ ਗਣਤੰਤਰ ਦਿਵਸ ਮੌਕੇ ਕਿਸਾਨਾਂ ਦੇ ਪ੍ਰਦਰਸ਼ਨ ਦੌਰਾਨ ਉਸ ਨੇ ਪੁਸ਼ਟੀ ਤੋਂ ਬਿਨਾਂ ਆਪਣੇ ਚੈਨਲ ’ਤੇ ਵੀਡੀਓ ਚਲਾ ਕੇ ਸਿੱਖਾਂ ਦੇ ਖ਼ਿਲਾਫ਼ ‘ਹਮਲਾਵਰ ਤੇ ਸੰਭਾਵੀ ਘਾਤਕ’ ਹਮਲਾ ਕੀਤਾ ਹੈ। ਹਾਈ ਕੋਰਟ ’ਚ ਐਫੀਡੇਵਿਟ ਪੇਸ਼ ਕਰ ਕੇ ਇਸ ਮੀਡੀਆ ਘਰਾਣੇ ਨੇ ਦਾਅਵਾ ਕੀਤਾ ਕਿ ਸਿੱਖ ਭਾਈਚਾਰੇ ਦੇ ਸਬੰਧ ’ਚ ਇਸ ਤਰ੍ਹਾਂ ਦੀ ਕੋਈ ਵੀ ਗੱਲ ਨਹੀਂ ਆਖੀ ਗਈ ।



ਵਰਨਣ ਯੋਗ ਹੈ ਕਿ ਦੋ ਜਨਹਿੱਤ ਪਟੀਸ਼ਨਾਂ ਦੇ ਜਵਾਬ ’ਚ ਇਹ ਐਫੀਡੇਵਿਟ ਪੇਸ਼ ਕੀਤਾ ਗਿਆ ਹੈ, ਜਿਨ੍ਹਾਂ ’ਚ ਦੋਸ਼ ਲਾਇਆ ਗਿਆ ਹੈ ਕਿ ਮੀਡੀਆ ਘਰਾਣੇ ਨੇ ਗਣਤੰਤਰ ਦਿਵਸ ’ਤੇ ਕਿਸਾਨਾਂ ਦੇ ਪ੍ਰਦਰਸ਼ਨ ਦੌਰਾਨ ਆਪਣੀ ਖ਼ਬਰਾਂ ਦੀ ਪੁਸ਼ਟੀ ਦੇ ਬਿਨਾਂ ਵੀਡੀਓ ਦਾ ਪੇਸ਼ ਕਰ ਕੇ ਸਿੱਖਾਂ ਉਤੇ ‘ਮਨਘੜਤ, ਹਮਲਾਵਰ ਅਤੇ ਸੰਭਾਵੀ ਘਾਤਕ ਹਮਲਾ’ ਕੀਤਾ ਹੈ। ਪਟੀਸ਼ਨਾਂ ਦੇ ਜਵਾਬ ਵਿੱਚ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੇ ਵੀ ਜਵਾਬ ਪੇਸ਼ ਕਰਦਿਆਂ ਕਿਹਾ ਕਿ ਚੈਨਲ ਮਾਲਕ ਦੀ ਜਵਾਬਦੇਹੀ ਬਣਦੀ ਹੈ ਕਿ ਉਹ ਯਕੀਨੀ ਬਣਾਏ ਕਿ ਟੀ ਵੀ ਉੱਤੇ ਪੇਸ਼ ਪ੍ਰੋਗਰਾਮ ’ਚ ਕੇਬਲ ਟੈਲੀਵਿਜ਼ਨ ਨੈਟਵਰਕ ਕਾਨੂੰਨ ਹੇਠ ਪ੍ਰੋਗਰਾਮ ਕੋਡ ਦਾ ਉਲੰਘਣਾ ਨਾ ਹੋਵੇ। ਕੇਂਦਰ ਸਰਕਾਰ ਦੇ ਵਕੀਲ ਅਜੈ ਦਿਗਪਾਲ ਰਾਹੀਂ ਪੇਸ਼ਐਫੀਡੇਵਿਟ ਵਿੱਚ ਕਿਹਾ ਗਿਆ ਹੈ ਕਿ ਖਾਸ ਸ਼ਿਕਾਇਤਾਂ ਉਤੇ ਵਿਚਾਰ ਕਰਨ ਲਈ ਅੰਤਰ-ਮੰਤਰਾਲਾ ਕਮੇਟੀ ਬਣਾਈ ਗਈ ਹੈ।

ਇਸ ਤੋਂ ਪਹਿਲਾਂ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਪਟੀਸ਼ਨ ਦਾਇਰ ਕਰਕੇ ਦਾਅਵਾ ਕੀਤਾ ਸੀ ਕਿ ਇੱਕ ਖਾਸ ਭਾਈਚਾਰੇ ਦੇ ਖ਼ਿਲਾਫ਼ ਝੂਠਾ ਪ੍ਰਚਾਰ ਅਜਿਹੇ ਵੇਲੇ ਕਰਨਾ ਖ਼ਤਰਨਾਕ ਸਾਬਤ ਹੋ ਸਕਦਾ ਹੈ, ਜਦੋਂ ਲੋਕਾਂ ਦੀਆਂ ਭਾਵਨਾਵਾਂ ਬੇਕਾਬੂ ਹਨ। ਉਨ੍ਹਾਂ ਕਿਹਾ ਕਿ ਇਸ ਨਾਲ ਇਸ ਭਾਈਚਾਰੇ ਦੇ ਲੋਕਾਂ ਦੀ ਜਾਨ, ਸੰਪਤੀ ਤੇ ਉਨ੍ਹਾਂ ਦੀ ਆਜ਼ਾਦੀ ਨੂੰ ਖ਼ਤਰਾ ਹੋ ਸਕਦਾ ਹੈ। ਅਜਿਹੀ ਇੱਕ ਹੋਰ ਪਟੀਸ਼ਨ ਦਿੱਲੀ ਦੇ ਮਨਜੀਤ ਸਿੰਘ ਜੀ ਕੇ ਨੇ ਪੇਸ਼ ਕੀਤੀ ਸੀ।

ਆਪਣੇ ਖ਼ਿਲਾਫ਼ ਲੱਗੇ ਦੋਸ਼ਾਂ ਤੋਂ ਇਨਕਾਰ ਕਰਦਿਆਂ ਮੀਡੀਆ ਘਰਾਣੇ ਨੇ ਦਾਅਵਾ ਕੀਤਾ ਕਿ ਢੀਂਡਸਾ ਦੀ ਅਰਜ਼ੀ ‘ਪ੍ਰੈਸ ਰਿਪੋਰਟਿੰਗ ਨੂੰ ਬੇੜੀਆਂ ਨਾਲ ਬੰਨ੍ਹਣ ਦਾ ਯਤਨ ਹੈ।’ ਉਨ੍ਹਾਂ ਕਿਹਾ ਕਿ ਸਿਆਸੀ ਲਾਹਾ ਲੈਣ ਲਈ ਇਹ ਪਟੀਸ਼ਨ ਦਾਖ਼ਲ ਕੀਤੀ ਗਈ ਹੈ ਅਤੇ ਇਹ ਸਿਰਫ਼ ਸਿਆਸੀ ਪ੍ਰਚਾਰ ਦਾ ਹਿੱਸਾ ਹੈ। ਕਾਨੂੰਨਾਂ ਅਤੇ ਨਿਯਮਾਂ ਦਾ ਹਵਾਲਾ ਦਿੰਦਿਆਂ ਮੀਡੀਆ ਘਰਾਣੇ ਨੇ ਕਿਹਾ ਕਿ ਦੇਸ਼ ’ਚ ਖ਼ਬਰਾਂ ਪੇਸ਼ ਕਰਨ ਬਾਰੇ ਪੂਰਾ ਪ੍ਰਬੰਧ ਹੈ।

# ਵਿਗਿਆਨਿਕ ਹੈਰਾਨ ਨਾਸਾ ਦਾ ਪਾਰਕਰ ਸੋਲਰ ਪ੍ਰੋਬ ਢੱਕੇ ਹੋਏ ਸ਼ੁੱਕਰ ਗ੍ਰਹਿ ਦੀ ਫੋਟੋ ਕਿੱਦਾਂ ਚੁਰਾ ਲਿਆਇਆ

ਵਾਸ਼ਿੰਗਟਨ, 28 ਫਰਵਰੀ (ਪੋਸਟ ਬਿਊਰੋ)- ਅਮਰੀਕੀ ਸਪੇਸ ਏਜੈਂਸੀ ਨਾਸਾ ਦੇ ਵਿਗਿਆਨਿਕਾਂ ਨੇ ਸ਼ੁੱਕਰ ਗ੍ਰਹਿ ਦੀ ਸਤ੍ਹਾ ਨਾਲ ਜੁੜੀ ਖੋਜ ਕੀਤੀ ਹੈ। ਮੰਨਿਆ ਜਾਂਦਾ ਹੈ ਕਿ ਉਨ੍ਹਾਂ ਨੂੰ ਪਾਰਕਰ ਸੋਲਰ ਪ੍ਰੋਬ ਰਾਹੀਂ ਸ਼ੁੱਕਰ ਨਾਲ ਜੁੜੀ ਹੈਰਾਨ ਕਰਨ ਵਾਲੀ ਜਾਣਕਾਰੀ ਮਿਲੀ ਹੈ, ਜਿਸ ਬਾਰੇ ਅਗਲਾ ਕੰਮ ਜਾਰੀ ਹੈ। ਪਾਰਕਰ ਸੋਲਰ ਪ੍ਰੋਬ ਨੂੰ ਫਲੋਰਿਡਾ ਦੇ ਕੇਪ ਕਨੇਵਰਲ ਤੋਂ ਅਗਸਤ 2018 ਵਿੱਚ ਸੂਰਜ ਨੂੰ ਸਭ ਤੋਂ ਕਰੀਬ ਦੇਖਣ ਲਈ ਲਾਂਚ ਕੀਤਾ ਗਿਆ ਸੀ। ਇਸ ਦੇ ਲਈ ਜ਼ਰੂਰੀ ਹੈ ਕਿ ਉਹ ਸ਼ੁੱਕਰ ਦੀ ਗ੍ਰੈਵਿਟੀ ਦੀ ਮਦਦ ਲਵੇ। ਪਿਛਲੇ ਸਾਲ ਸ਼ੁੱਕਰ ਦਾ ਚੱਕਰ ਕੱਟਦੇ ਹੋਏ ਪ੍ਰੋਬ ਨੇ ਵਿਗਿਆਨਿਕਾਂ ਨੂੰ ਉਸਦੀ ਸਤ੍ਹਾ ਦੀ ਸਾਫ ਤਸਵੀਰ ਦਿੱਤੀ ਹੈ। ਸ਼ੁੱਕਰ ਦੀ ਸਤਾ ਆਮ ਤੌਰ ’ਤੇ ਦੇਖਣ ਨੂੰ ਨਹੀਂ ਮਿਲਦੀ, ਕਿਉਂਕਿ ਇਹ ਕਾਰਬਨ-ਡਾਇਆਕਸਾਈਡ ਦੇ ਬੱਦਲਾਂ ਨਾਲ ਢੱਕੀ ਰਹਿੰਦੀ ਹੈ। ਪਾਰਕਰ ਨੇ ਜੋ ਤਸਵੀਰ ਲਈ, ਉਹ ਇਸ ਤੋਂ 7,693 ਮੀਲ ਦੂਰੋਂ ਲਈ ਹੈ, ਪਰ ਫਿਰ ਵੀ ਬਹੁਤ ਸਾਫ ਹੈ। ਖੋਜੀਆਂ ਨੇ ਦੱਸਿਆ ਹੈ ਕਿ ਇਹ ਇਲਾਕਾ ਤਸਵੀਰ ਵਿੱਚ ਅੰਧੇਰਾ ਦਿੱਸਦਾ ਹੈ, ਕਿਉਂਕਿ ਇਸ ਦਾ ਤਾਪਮਾਨ ਆਸਪਾਸ ਦੇ ਇਲਾਕੇ ਤੋਂ ਘੱਟ ਹੈ। ਅਧਿਕਾਰੀਆਂ ਨੇ ਅੰਦਾਜ਼ਾ ਲਾਇਆ ਕਿ ਇਹ 85 ਡਿਗਰੀ ਫਾਹਿਰੇਨਹਾਈਟ ਹੋ ਸਕਦਾ ਹੈ। ਏਥੋਂ ਲੱਗਦਾ ਹੈ ਜਿਵੇਂ ਪ੍ਰੋਬ ਇੰਨਫ੍ਰਾਰੇਡ ਰੋਸ਼ਨੀ ਬਾਰੇ ਜ਼ਿਆਦਾ ਸੰਵੇਦਨਸੀਲ ਹੈ ਜਾ ਉਸ ਨੂੰ ਕੋਈ ਅਜਿਹੀ ਜਗ੍ਹਾ ਮਿਲ ਗਈ ਹੈ ਜਿੱਥੋਂ ਬਾਦਲਾਂ ਨੂੰ ਚੀਰ ਕੇ ਉਹ ਸ਼ੁੱਕਰ ਦੀ ਸਤ੍ਹਾ ਨੂੰ ਦੇਖ ਸਕੇ।

# ਰਾਜਸਥਾਨ ਭਾਜਪਾ ’ਚ ਗਲਬੇ ਲਈ ਵਸੁੰਧਰਾ ਸਮੱਰਥਕਾਂ ਤੇ ਸੰਘੀਆਂ ਵਿਚਾਲੇ ਜੰਗ ਛਿੜੀ

ਜੈਪੁਰ, 28 ਫਰਵਰੀ (ਪੋਸਟ ਬਿਊਰੋ)- ਰਾਜਸਥਾਨ ’ਚ ਭਾਜਪਾ ਵਿਧਾਨ ਮੰਡਲ ਦੀ ਬੈਠਕ ਵਿੱਚ ਕੱਲ੍ਹ ਦੋ ਸੀਨੀਅਰ ਆਗੂਆਂ ਵਿਚਾਲੇ ਤਿੱਖੀ ਝੜਪ ਤੋਂ ਬਾਅਦ ਸੂਬਾ ਇਕਾਈ ’ਚ ਅੰਦਰੂਨੀ ਕਲੇਸ਼ ਤੇਜ਼ ਹੋ ਗਿਆ ਹੈ।

ਮਿਲੀ ਜਾਣਕਾਰੀ ਮੁਤਾਬਕ ਕੱਲ੍ਹ ਹੋਈ ਬੈਠਕ ਵਿੱਚ ਸਾਬਕਾ ਸਪੀਕਰ ਕੈਲਾਸ਼ ਮੇਘਵਾਲ ਅਤੇ ਵਿਰੋਧੀ ਧਿਰ ਦੇ ਨੇਤਾ ਗੁਲਾਬ ਚੰਦ ਕਟਾਰੀਆ, ਜੋ ਆਰ ਐੱਸ ਐੱਸ ਦੇ ਸੀਨੀਅਰ ਨੇਤਾ ਹਨ, ਵਿੱਚ ਤੂ-ਤੂੰ-ਮੈਂ-ਮੈਂ ਹੋ ਗਈ ਅਤੇ ਗੱਲ ਇੱਥੋਂ ਤੱਕ ਵੱਧ ਗਈ ਕਿ ਕਟਾਰੀਆ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੀ ਗੱਲ ਤੱਕ ਕਹਿ ਦਿੱਤੀ। ਕੈਲਾਸ਼ ਮੇਘਵਾਲ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਦੇ ਕਰੀਬੀ ਮੰਨੇ ਜਾਂਦੇ ਹਨ। ਜਦੋਂ ਇਨ੍ਹਾਂ ਦੋਵਾਂ ਵਿੱਚ ਬਹਿਸ ਹੋ ਰਹੀ ਸੀ ਤਾਂ ਰਾਜੇ ਬੈਠਕ ਵਿੱਚ ਮੌਜੂਦ ਸੀ, ਪਰ ਉਹ ਚੁੱਪ ਕੀਤੀ ਰਹੀ। ਇਸ ਰਾਜ ਦੀ ਭਾਜਪਾ ’ਤੇ ਗਲਬੇ ਲਈ ਵਸੁੰਧਰਾ ਰਾਜੇ ਅਤੇ ਸੰਘ ਦੇ ਪੱਕੇ ਸਮੱਰਥਕਾਂ ਵਿਚਾਲੇ ਆਰ-ਪਾਰ ਲੜਾਈ ਚੱਲ ਰਹੀ ਹੈ। ਜਾਣਕ-ਾਰ ਸੂਤਰਾਂ ਨੇ ਦੱਸਿਆ ਕਿ ਵਿਧਾਨ ਮੰਡਲ ਦੀ ਬੈਠਕ ਵਿੱਚ ਮੇਘਵਾਲ ਨੇ ਕਟਾਰੀਆ ’ਤੇ ਦੋਸ਼ ਲਾਇਆ ਕਿ ਉਹ ਵਿਧਾਨ ਸਭਾ ਵਿੱਚ ਬੋਲਣ ਵਾਲੇ ਵਿਧਾਇਕਾਂ ਦੀ ਚੋਣ ਵਿੱਚ ਵਿਤਕਰਾ ਕਰਦੇ ਹਨ। ਪਿਛਲੇ ਹਫ਼ਤੇ ਮੇਘਵਾਲ ਤੇ ਪਾਰਟੀ ਦੇ 19 ਵਿਧਾਇਕਾਂ ਨੇ ਸੂਬਾ ਭਾਜਪਾ ਪ੍ਰਧਾਨ ਨੂੰ ਚਿੱਠੀ ਲਿਖ ਕੇ ਇਹੀ ਮੁੱਦਾ ਉਠਾਇਆ ਸੀ। ਮੇਘਵਾਲ ਨੇ ਕਿਹਾ ਕਿ ਸਦਨ ਵਿੱਚ ਭਾਜਪਾ ਦਾ ਕੋਈ ਚੀਫ ਵ੍ਹਿਪ ਕਿਉਂ ਨਹੀਂ? ਉਨ੍ਹਾਂ ‘ਇੱਕ ਵਿਅਕਤੀ-ਇੱਕ ਅਹੁਦਾ’ ਦਾ ਮੁੱਦਾ ਵੀ ਉਠਾਇਆ ਅਤੇ ਇਸ ਗੱਲ ’ਤੇ ਇਤਰਾਜ਼ ਕੀਤਾ ਕਿ ਵਿਰੋਧੀ ਧਿਰ ਦੇ ਨੇਤਾ ਨੂੰ ਲੋਕ ਲੇਖਾ ਕਮੇਟੀ ਦਾ ਪ੍ਰਧਾਨ ਕਿਉਂ ਬਣਾਇਆ ਗਿਆ ਹੈ? ਇੱਕੋਆਗੂ ਕੋਲ ਦੋ ਅਹੁਦੇ ਕਿਉਂ ਹਨ?



ਗੁਲਾਬ ਚੰਦ ਕਟਾਰੀਆ ਨੇ ਵਿਧਾਇਕਾਂ ਵਿੱਚ ਵਿਤਕਰੇ ਦੇ ਦੋਸ਼ਾਂ ਨੂੰ ਸਿਰੇ ਤੋਂ ਰੱਦ ਕਰ ਕੇ ਮੇਘਵਾਲ ਨੂੰ ਕਿਹਾ ਕਿ ਜੇ ਤੁਹਾਨੂੰ ਮੇਰੇ ਤੋਂ ਕੋਈ ਸਮੱਸਿਆ ਹੈ ਤਾਂ ਤੁਸੀਂ ਉਨ੍ਹਾਂ ਲੋਕਾਂ ਨੂੰ ਦੱਸੋ, ਜਿਨ੍ਹਾਂ ਨੇ ਮੈਨੂੰ ਜ਼ਿੰਮੇਵਾਰੀ ਸੌਂਪੀ ਹੈ। ਜੇ ਜ਼ਰੂਰੀ ਹੋਵੇਗਾ ਤਾਂ ਮੈ ਦੋ ਮਿੰਟਾਂ ਵਿੱਚ ਅਸਤੀਫਾ ਦੇ ਦੇਵਾਂਗਾ, ਪਰ ਮੈਂ ਪਾਰਟੀ ਦੀ ਸੇਵਾ ਪੂਰੀ ਨਿਸ਼ਠਾ ਨਾਲ ਕਰਦਾ ਰਹਾਂਗਾ।

ਜਦੋਂ ਇਹ ਦੋ ਵੱਡੇ ਪਾਰਟੀ ਨੇਤਾ ਆਪਸ ਵਿੱਚ ਲੜ ਰਹੇ ਸਨ ਤਾਂ ਵਸੁੰਧਰਾ ਰਾਜੇ ਰਹੀ। ਜਾਣਕਾਰ ਮੰਨਦੇ ਹਨ ਕਿ ਦੋਵਾਂ ਨੇਤਾਵਾਂ ਦੇ ਝਗੜੇ ਦੀ ਜੜ੍ਹ ਸਦਨ ਵਿੱਚ ਵਿਧਾਇਕਾਂ ਨਾਲ ਵਿਤਕਰਾ ਨਹੀਂ, ਸਗੋਂ ਪਾਰਟੀ ਦੀ ਸੂਬਾਈ ਲੀਡਰਸ਼ਿਪ ਵਿੱਚ ਕਿਸ ਦਾ ਪੱਲੜਾ ਭਾਰੀ ਰਹਿਣ ਦਾ ਮੁੱਦਾ ਹੈ।

# ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਦੇ ਇਸ਼ਾਰੇ ’ਤੇ ਹੋਈ ਸੀ ਖਾਸ਼ੋਗੀ ਦੀ ਹੱਤਿਆ

ਵਾਸ਼ਿੰਗਟਨ, 28 ਫਰਵਰੀ (ਪੋਸਟ ਬਿਊਰੋ)- ਵਾਸ਼ਿੰਗਟਨ ਪੋਸਟ ਦੇ ਪੱਤਰਕਾਰ ਜਮਾਲ ਖਾਸ਼ੋਗੀ ਦਾਕਤਲਸਾਊਦੀਅਰਬ ਦੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਦੇ ਇਸ਼ਾਰੇ ’ਤੇ ਹੋਇਆ ਸੀ। ਅਮਰੀਕਾ ਵੱਲੋਂ ਇਸ ਦੀ ਰਿਪੋਰਟ ’ਚ ਇਹ ਦਾਅਵਾ ਕੀਤਾ ਗਿਆ ਹੈ। ਫਿਲਹਾਲ ਇਹ ਰਿਪੋਰਟ ਜਨਤਕ ਨਹੀਂ ਕੀਤੀ ਗਈ।

ਇਸ ਦੌਰਾਨ ਰਾਸ਼ਟਰਪਤੀ ਜੋਅ ਬਾਇਡਨ ਨੇ ਕੱਲ੍ਹ ਸਾਊਦੀ ਅਰਬ ਦੇ ਕਿੰਗ ਸਲਮਾਨ ਨਾਲ ਫੋਨ ’ਤੇ ਗੱਲ ਕੀਤੀ ਹੈ, ਜਿਸ ਦੌਰਾਨ ਦੋਵਾਂ ਨੇ ਸੰਬੰਧਮਜ਼ਬੂਤ ਬਣਾਉਣ ਉਤੇ ਜ਼ੋਰ ਦਿੱਤਾ। ਅਹੁਦਾ ਸੰਭਾਲਣ ਦੇ ਬਾਅਦ ਨਵੇਂ ਅਮਰੀਕੀ ਰਾਸ਼ਟਰਪਤੀ ਦਾ ਆਪਣੇ ਸਹਿਯੋਗੀਆਂ ਅਤੇ ਬਾਕੀ ਦੇਸ਼ਾਂ ਦੇ ਰਾਸ਼ਟਰਪਤੀਆਂਅਤੇ ਪ੍ਰਧਾਨ ਮੰਤਰੀਆਂ ਨਾਲ ਗੱਲ ਕਰਨਾ ਇੱਕ ਰਵਾਇਤ ਹੈ। ਜੋਅ ਬਾਇਡਨ ਤੇ 80 ਸਾਲਾ ਕਿੰਗ ਸਲਮਾਨ ਵਿਚਾਲੇ ਫੋਨ ’ਤੇ ਗੱਲਬਾਤ ਕਾਫ਼ੀ ਲੇਟ ਹੋਈ ਹੈ। ਜੋਅ ਬਾਇਡਨ ਨੇ ਬੀਤੀ 20 ਜਨਵਰੀ ਨੂੰ ਅਮਰੀਕਾ ਦੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ ਸੀ। ਪੱਛਮੀ ਏਸ਼ੀਆ ’ਚ ਸਾਊਥ ਏਸ਼ੀਆ ’ਚ ਸਾਊਦੀ ਅਰਬ ਅਮਰੀਕਾ ਦਾ ਸਭ ਤੋਂ ਮਜ਼ਬੂਤ ਅਤੇ ਕਰੀਬੀ ਸਹਿਯੋਗੀ ਹੈ। ਵ੍ਹਾਈਟ ਹਾਊਸ ਦੇ ਮੁਤਾਬਕ ਦੋਵੇਂ ਆਗੂਆਂ ਨੇ ਯਮਨ ’ਚ ਚੱਲ ਰਹੀ ਲੜਾਈ ਖ਼ਤਮ ਕਰਨ ਸਮੇਤ ਖੇਤਰੀ ਸੁਰੱਖਿਆ ’ਤੇ ਗੱਲਬਾਤ ਕੀਤੀ। ਇਸ ਦੌਰਾਨ ਬਾਇਡਨ ਨੇ ਈਰਾਨ ਹਮਾਇਤੀ ਅੱਤਵਾਦੀ ਗਰੁੱਪਾਂ ਵੱਲੋਂ ਸਾਊਦੀ ਅਰਬ ’ਤੇ ਕੀਤੇ ਜਾਣ ਵਾਲੇ ਹਮਲਿਆਂ ਤੋਂ ਰੱਖਿਆ ਦੀ ਵਚਨਬੱਧਤਾ ਪ੍ਰਗਟਾਈ। ਬਾਇਡਨ ਨੇ ਕਿੰਗ ਸਲਮਾਨ ਨੂੰ ਕਿਹਾ ਕਿ ਉਹ ਦੋ ਪੱਖੀ ਸਬੰਧਾਂ ਨੂੰ ਮਜ਼ਬੂਤ ਤੇ ਪਾਰਦਰਸ਼ੀ ਬਣਾਉਣ ਲਈ ਕੰਮ ਕਰਨਗੇ।



## ਅੱਜ ਨਾਮਾ

ਪੁੱਛਿਆ ਜਾਂਦਾ ਸਵਾਲ ਇਹ ਕਈ ਵਾਰੀ,
ਮਿਲਦਾ ਕਿਤੋਂ ਜਵਾਬ ਨਹੀਂ ਠੋਸ ਮੀਆਂ।
ਕਰਦੀ ਗੱਲ ਨਾ ਮੋਦੀ ਸਰਕਾਰ ਕਾਹਤੋਂ,
ਆਮ ਲੋਕਾਂ ਦੇ ਅੰਦਰ ਇਹ ਰੋਸ ਮੀਆਂ।
ਲੋਕਤੰਤਰ ਵਿੱਚ ਲੋਕਾਂ ਦੀ ਕਦਰ ਨਾਹੀਂ,
ਹੋਵੇ ਕਿੱਦਾਂ ਨਹੀਂ ਭਲਾ ਅਫਸੋਸ ਮੀਆਂ।
ਮੰਤਰੀ ਕੇਂਦਰ ਦੇ ਗੱਲ ਟਰਕਾਈ ਜਾਂਦੇ,
ਕਰਨੀ ਬਾਤ ਕੁਝ ਏਸ ਕਿ ਓਸ ਮੀਆਂ।
'ਮਨ ਕੀ ਬਾਤ' ਦਾ ਬੜਾ ਸ਼ੌਕੀਨ ਮੋਦੀ,
ਗਾਵੇ ਏਧਰ ਜਾਂ ਓਧਰ ਦਾ ਰਾਗ ਮੀਆਂ।
'ਭਾਰਤ ਭਾਗ ਵਿਧਾਤਾ' ਨੂੰ ਰਹੇ ਸੁਣਦੇ,
ਜਾਗਣਾ ਦੇਸ਼ ਦਾ ਕਦੋਂ ਈ ਭਾਗ ਮੀਆਂ।

**ਤੀਸ ਮਾਰ ਖਾਂ**

# ਮੇਰਠ ਦੀ ਕਿਸਾਨ ਮਹਾਪੰਚਾਇਤ ਵਿੱਚ ਮੋਦੀ ਸਰਕਾਰ ਨੂੰ ਕੇਜਰੀਵਾਲ ਵੱਲੋਂ ਰਗੜੇ

ਮੇਰਠ, 28 ਫਰਵਰੀ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅੱਜ ਐਤਵਾਰ ਮੇਰਠ ਵਿਚਖੇਤੀਬਾੜੀ ਕਾਨੂੰਨ ਦੇ ਵਿਰੋਧ ਵਿੱਚ ਹੋਈ ਕਿਸਾਨ ਮਹਾਂਪੰਚਾਇਤ ਵਿੱਚ ਪਹੁੰਚੇ। ਇਸ ਮੌਕੇ ਉਨ੍ਹਾਂ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 'ਭਾਰਤ ਦਾ ਕਿਸਾਨ ਦੇਸ਼ਧ੍ਰੋਹੀ ਨਹੀਂ ਹੋ ਸਕਦਾ, ਦੇਸ਼ ਦੀ ਸਰਕਾਰ ਦਾ ਖੇਤੀਬਾੜੀ ਕਾਨੂੰਨ ਕਿਸਾਨਾਂ ਲਈ ਮੌਤ ਦੇ ਵਾਰੰਟ ਵਰਗਾ ਹੈ।'

ਕੇਜਰੀਵਾਲ ਨੇ ਕਿਹਾ, 'ਅੱਜ ਸਾਡੇ ਦੇਸ਼ ਦੇ ਕਿਸਾਨ ਬਹੁਤ ਤਕਲੀਫ ਵਿਚ ਹਨ। ਉਹ ਆਪਣੇ ਪਰਿਵਾਰਾਂ ਸਮੇਤ 95 ਦਿਨਾਂ ਤੋਂ ਸਖਤ ਠੰਢ ਵਿਚ ਦਿੱਲੀ ਦੇ ਬਾਰਡਰ ਉੱਤੇ ਧਰਨੇ ਉਤੇ ਬੈਠੇ ਹੋਏ ਹਨ। ਢਾਈ ਸੌ ਤੋਂ ਵੱਧ ਕਿਸਾਨ ਮਾਰੇ ਜਾ ਚੁੱਕੇ ਹਨ, ਪਰ ਸਰਕਾਰ ਦੇ ਕੰਨਾਂ ਉੱਤੇ ਜੂੰਤੱਕ ਨਹੀਂ ਸਰਕੀ।' ਉਨ੍ਹਾਂ ਕਿਹਾ ਕਿ ਆਜ਼ਾਦ ਭਾਰਤ ਦੀਆਂ ਸਾਰੀਆਂ ਪਾਰਟੀਆਂ ਦੀਆਂ ਸਰਕਾਰਾਂ ਨੇ 70 ਸਾਲਾਂ ਤੋਂ ਕਿਸਾਨਾਂ ਨਾਲ ਧੋਖਾ ਕੀਤਾ ਹੈ।

ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੇ ਕਿਹਾ ਕਿ ਉੱਤਰ ਪ੍ਰਦੇਸ਼ ਅਤੇ ਪੰਜਾਬ ਦੇ ਲੋਕਾਂ ਅਤੇ ਕਿਸਾਨਾਂ ਨੇ ਦੱਸਿਆ ਕਿ 26 ਜਨਵਰੀ ਨੂੰ ਸਰਕਾਰ ਦੇ ਬੰਦੇ ਉਨ੍ਹਾਂ ਨੂੰ ਲਾਲ ਕਿਲ੍ਹੇ ਵੱਲ ਭੇਜ ਰਹੇ ਸਨ। ਜਿਨ੍ਹਾਂ ਨੇ ਲਾਲ ਕਿਲ੍ਹੇ ਉੱਤੇ ਉਸ ਦਿਨ ਝੰਡੇ ਲਹਿਰਾਏ, ਉਹ ਉਨ੍ਹਾਂ ਦੇ ਆਪਣੇ ਕਾਰਕੁਨ ਸਨ।' ਕੇਜਰੀਵਾਲ ਨੇ ਇਹ ਵੀ ਦੱਸਿਆ ਕਿ ਕੇਂਦਰ ਸਰਕਾਰ ਨੇ ਮੈਨੂੰ ਨੌਂ ਸਟੇਡੀਅਮਾਂ ਨੂੰ ਜੇਲ੍ਹ ਬਣਾਉਣ ਦੀ ਚਿੱਠੀ ਭੇਜੀ ਸੀ, ਪਰ ਮੈਂ ਉਸ ਚਿੱਠੀ ਨੂੰ ਪ੍ਰਵਾਨਗੀ ਨਹੀਂ ਦਿੱਤੀ। ਜੇ ਅਸੀਂ ਜੇਲ੍ਹ ਬਣਾ ਦਿੰਦੇ ਤਾਂ ਉਹ ਕਿਸਾਨਾਂ ਨੂੰ ਓਥੇ ਕੈਦ ਕਰ ਲੈਂਦੇ ਅਤੇ ਸਾਰਾ


ਮੇਰਠ ਮਹਾਂਪੰਚਾਇਤ ਵਿਚ ਭਾਸ਼ਣ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ।

ਅੰਦੋਲਨ ਖ਼ਤਮ ਹੋ ਜਾਂਦਾ।

ਕੇਜਰੀਵਾਲ ਨੇ ਕਿਹਾ ਕਿ 'ਭਾਜਪਾ ਨੇ 2014 ਦੇ ਚੋਣ ਮੈਨੀਫੈਸਟੋਵਿੱਚ ਕਿਹਾ ਸੀ ਕਿ ਅਸੀਂ ਕਿਸਾਨਾਂ ਦੇ ਲਈ ਸਵਾਮੀਨਾਥਨ ਰਿਪੋਰਟ ਲਾਗੂ ਕਰਾਂਗੇ। ਕਿਸਾਨਾਂ ਨੇ ਉਨ੍ਹਾਂ ਨੂੰ ਖੁੱਲ੍ਹ ਕੇ ਵੋਟਾਂ ਪਾਈਆਂ। ਤਿੰਨ ਸਾਲਾਂ ਬਾਅਦ ਓਸੇ ਭਾਜਪਾ ਨੇ ਸੁਪਰੀਮ ਕੋਰਟ ਨੂੰ ਦਿੱਤੇ ਗਏਐਫੀਡੇਵਿਟਵਿੱਚ ਕਿਹਾ ਕਿ ਉਹ ਘੱਟੋ-ਘੱਟ ਖਰੀਦ ਕੀਮਤ (ਐਮਐਸਪੀ) ਨਹੀਂ ਦੇਣਗੇ। ਇਸ ਤਰ੍ਹਾਂ ਉਨ੍ਹਾਂ ਨੇ ਕਿਸਾਨਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ।' ਕੇਜਰੀਵਾਲ ਨੇ ਕਿਹਾ ਕਿ ਸਰਕਾਰ ਕੋਲ ਪੈਸੇ ਦੀ ਘਾਟ ਨਹੀਂ, ਨੀਤ ਦੀ ਘਾਟ ਹੈ, ਜੇ ਚੰਗੀ ਨੀਤ ਵਾਲੀ ਸਰਕਾਰ ਹੋਵੇ ਤਾਂ ਕਿਸਾਨ ਟਰੈਕਟਰ ਲੈ ਕੇ ਗੰਨਾ ਮਿੱਲ ਵਿੱਚ ਜਾਣਗੇ ਤੇ ਪਹੁੰਚਣ ਸਾਰ ਗੰਨੇ ਦੀ ਅਦਾਇਗੀ ਹੋ ਜਾਵੇਗੀ। ਉਨ੍ਹਾਂ ਨੇ ਯੋਗੀ ਸਰਕ-ਾਰਬਾਰੇ ਕਿਹਾ ਕਿ 'ਉੱਤਰ ਪ੍ਰਦੇਸ਼ ਦੀ ਸਰਕਾਰ ਦੀ ਕਿਹੜੀ ਕਮਜ਼ੋਰੀ ਹੈ ਕਿ ਉਹ ਮਿੱਲ ਮਾਲਕਾਂ ਨੂੰ ਠੀਕ ਨਹੀਂ ਕਰ ਸਕਦੇ। ਜਦੋਂ ਮੈਂ ਦਿੱਲੀਦਾ ਮੁੱਖ ਮੰਤਰੀਬਣਿਆ ਸੀ, ਪੰਜ ਸਾਲਾਂ ਵਿੱਚ ਬਿਜਲੀ ਕੰਪਨੀਆਂ ਠੀਕ ਹੋ ਗਈਆਂ ਸਨ। ਪਹਿਲਾਂ 20-20 ਹਜ਼ਾਰ ਰੁਪਏਵਾਲੇ ਬਿੱਲ ਦਿੱਲੀ ਵਿੱਚ ਆਉਂਦੇ ਸਨ, ਅੱਜ ਦਿੱਲੀ ਮੁਫਤ ਅਤੇ 24 ਘੰਟੇ ਬਿਜਲੀ ਪ੍ਰਾਪਤ ਕਰਦੀ ਹੈ।'

## ਦਿੱਲੀ ਵਿੱਚ ਲੁੱਟ-ਖੋਹ ਦਾ ਵਿਰੋਧ ਕਰਨ ਉੱਤੇ ਚਾਕੂ ਮਾਰ ਕੇ ਮਹਿਲਾ ਦੀ ਹੱਤਿਆ

* ਦੋਸ਼ੀ ਪਛਾਣੇ ਜਾਣ ਪਿੱਛੋਂ ਫੜੇ ਵੀ ਗਏ

ਨਵੀਂ ਦਿੱਲੀ, 28 ਫਰਵਰੀ, (ਪੋਸਟ ਬਿਊਰੋ)- ਦਿੱਲੀ ਦੇ ਆਦਰਸ਼ ਨਗਰ ਇਲਾਕੇ ਵਿੱਚ ਲੁੱਟ-ਖੋਹ ਦਾ ਵਿਰੋਧ ਕਰਨ ਉੱਤੇ ਬਦਮਾਸ਼ਾਂ ਨੇ ਚਾਕੂ ਮਾਰ ਕੇ ਮਹਿਲਾ ਦੀ ਹੱਤਿਆ ਕਰ ਦਿੱਤੀ। ਵਾਰਦਾਤ ਸਮੇਂ ਉਹ ਆਪਣੀ ਦੋ ਸਾਲਾ ਬੇਟੀ ਤੇ ਮਾਂ ਨਾਲ ਬਾਜ਼ਾਰ ਤੋਂ ਖ਼ਰੀਦਾਰੀ ਕਰ ਕੇ ਵਾਪਸ ਘਰ ਆ ਰਹੀ ਸੀ। ਇਸ ਤੋਂ ਬਾਅਦ ਬਦਮਾਸ਼ ਆਪਣੇ ਸਾਥੀ ਨਾਲ ਬਾਈਕ ਉੱਤੇ ਫ਼ਰਾਰ ਹੋ ਗਿਆ। ਪੁਲਿਸ ਨੇ ਸੀਸੀਟੀਵੀ ਫੁਟੇਜ ਦੀ ਮਦਦ ਨਾਲ ਦੋਵਾਂ ਦੋਸ਼ੀਆਂ ਅਕੀਬੁਲ ਅਤੇ ਸ਼ੇਖ ਫਰਦੀ ਨੂੰ ਕਾਬੂ ਕਰ ਲਿਆ ਤੇ ਵਾਰਦਾਤਵਿੱਚ ਵਰਤੀ ਗਈ ਸਕੂਟੀ ਵੀ ਬਰਾਮਦ ਕਰ ਲਈ ਹੈ।

ਮਿਲੀ ਜਾਣਕਾਰੀ ਮੁਤਾਬਕ ਦਲੇਰ ਸਿੰਘ ਆਦਰਸ਼ ਨਗਰ ਦੇ ਗੁਰੂ ਨਾਨਕ ਰੋਡ ਦੇ ਈ-ਬਲਾਕਵਿੱਚ ਪਰਿਵਾਰ ਦੇ ਨਾਲ ਰਹਿੰਦੇ ਤੇ ਫੋਟੋ ਸਟੂਡੀਓ ਚਲਾਉਂਦੇ ਹਨ। ਉਨ੍ਹਾਂ ਦੇ ਬੇਟੇ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਦੀ ਭੈਣ ਸਿਮਰਨ ਆਪਣੀ ਦੋ ਸਾਲਾ ਬੇਟੀ ਹਰਲੀਨ ਅਤੇ ਮਾਂ ਮਮਤਾ ਨਾਲ ਸ਼ਨਿਚਰਵਾਰ ਰਾਤ ਲਗਪਗ ਸਾਢੇ ਅੱਠ ਵਜੇ ਘਰ ਤੋਂ ਕੁਝ ਦੂਰ ਲੱਗਣ ਵਾਲੇ ਹਫ਼ਤਾਵਾਰੀ ਬਾਜ਼ਾਰ ਗਈਆਂ ਸਨ। ਖਰੀਦਦਾਰੀ ਕਰਨ ਮਗਰੋਂ ਸਿਮਰਨ ਆਪਣੇ ਬੇਟੀ ਨਾਲ ਪੈਦਲ ਵਾਪਸ ਆ ਰਹੀ ਸੀ। ਰਾਤ ਸਾਢੇ ਨੌਂ ਵਜੇ ਉਹ ਆਪਣੇ ਗਲੀ ਵਿੱਚ ਆ ਕੇ ਘਰ ਨੂੰ ਜਾ ਰਹੀਆਂ ਸਨ ਕਿ ਉਨ੍ਹਾਂ ਦੇ ਪਿੱਛੇ ਇਕ ਬਦਮਾਸ਼ ਆਇਆ ਅਤੇ ਸਿਮਰਨ ਦੇ ਗਲ਼ੇ ਤੋਂ ਚੇਨ ਝਪਟ ਕੇ ਭੱਜਣ ਲੱਗਾ। ਮਾਂ-ਬੇਟੀ ਨੇ ਉਸ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਬਦਮਾਸ਼ ਡਿੱਗ ਗਿਆ। ਇਸ ਮੌਕੇ ਸਿਮਰਨ ਦੀ ਗੋਦ ਵਿੱਚੋਂ ਬੇਟੀ ਡਿੱਗ ਗਈ, ਪਰ ਬੱਚੀ ਛੱਡ ਕੇ ਸਿਮਰਨ ਨੇ ਬਦਮਾਸ਼ ਨੂੰ ਫੜ ਲਿਆ ਤਾਂ ਬਦਮਾਸ਼ ਨੇ ਉਨ੍ਹਾਂ ਦੀ ਛਾਤੀ ਉੱਤੇ ਚਾਕੂ ਨਾਲ ਦੋ ਵਾਰ ਕੀਤੇ ਅਤੇ ਭੱਜ ਗਿਆ। ਜਦੋਂ ਤਕ ਗਲੀ ਦੇ ਦੂਸਰੇ ਪਾਸੇ ਮੌਜੂਦ ਨਿੱਜੀ ਸੁਰੱਖਿਆ ਗਾਰਡ ਦੌੜ ਕੇ ਆਇਆ, ਬਦਮਾਸ਼ ਗਲੀ ਦੇ ਮੇਨ ਰੋਡ ਉੱਤੇ ਪਹਿਲਾਂ ਤੋਂ ਸਕੂਟੀ ਉੱਤੇ ਸਵਾਰ ਆਪਣੇ ਸਾਥੀ ਨਾਲ ਭੱਜ ਗਿਆ।

ਕਿਸਾਨ ਆਗੂ ਰੁਲਦੂ ਸਿੰਘ ਨੇ ਕਿਹਾ:

## ਲੱਖੇ ਸਿਧਾਣੇ ਦੇ ਮਗਰ ਜੇ ਏਨੇ ਨੌਜਵਾਨ ਹਨ ਤਾਂ ਜਥੇਬੰਦੀ ਬਣਾ ਕੇ ਸਾਡੇ ਨਾਲ ਆ ਕੇ ਖੜ੍ਹੋਵੇ

ਗਿੱਦੜਬਾਹਾ, 28 ਫਰਵਰੀ, (ਪੋਸਟ ਬਿਊਰੋ)- ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਨੇ ਅੱਜ ਗਿੱਦੜਬਾਹਾ ਵਿਚ ਕਿਸਾਨਾਂ ਨੂੰ ਸੰਬੋਧਨ ਕਰਨ ਵੇਲੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਕਿਸਾਨਾਂ ਦਾ ਅੰਦੋਲਨ ਲੰਬਾ ਚੱਲੇਗਾ, ਕਿਉਂਕਿ ਸਰਕਾਰ ਕੋਲੋਂ ਖੇਤੀਬਾੜੀ ਕਾਨੂੰਨ ਰੱਦ ਕਰਵਾਉਣੇ ਹਨ।

ਇਸ ਮੌਕੇ ਰੁਲਦੂ ਸਿੰਘ ਨੇ ਲੱਖਾ ਸਿਧਾਣਾ ਬਾਰੇ ਕਿਹਾ, 'ਲੱਖਾ ਸਿਧਾਣਾ ਸਾਡੇ ਅੰਦੋਲਨ ਦਾ ਹਿਸਾ ਬਣ ਕੇ ਚੱਲੇ, ਜੇ ਉਹਦੇ ਮਗਰ ਨੌਜਵਾਨ ਹਨ ਤਾਂ ਆਪਣੀ ਜਥੇਬੰਦੀ ਬਣਾ ਕੇ ਸਾਡੇ ਨਾਲ ਆ ਕੇ ਖੜੇ, ਪਰ ਓਥੇ ਲੱਖੇ ਸਿਧਾਣੇ ਦੀ ਨਹੀਂ ਚੱਲੇਗੀ, ਜਥੇਬੰਦੀਆਂ ਜੋ ਫੈਸਲਾ ਕਰਨਗੀਆਂ, ਉਹ ਹੀ ਮੰਨਣਾ ਪਏਗਾ'। ਬੀਤੀ 26 ਜਨਵਰੀ ਦੀ ਦਿੱਲੀ ਲਾਲ ਕਿਲ੍ਹੇ ਵਾਲੀ ਘਟਨਾ ਬਾਰੇ ਰੁਲਦੂ ਸਿੰਘ ਨੇ ਕਿਹਾ ਕਿ ਉਸ ਦਿਨ ਕੰਮ ਬਹੁਤ



ਵਿਗੜ ਗਿਆ ਸੀ, ਪਰ ਅੱਜ ਫਿਰ ਸਾਡੀ ਪਕੜ ਵਿਚ ਹੈ ਤੇ ਅੰਦੋਲਨ ਵਧੀਆ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਅੱਜ ਫਸੀ ਹੋਈ ਹੈ, ਇਕ ਹੱਥ ਮੋਦੀ ਦਾ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਹੈ ਤੇ ਦੂਸਰਾ ਹੱਥ ਸਾਡੇ ਹੱਥਾਂ ਵਿਚ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਕਾਨੂੰਨਾਂ ਨੂੰ ਡੇਢ ਸਾਲ ਰੋਕਣ ਦੀ ਗੱਲ ਕਰਦੀ ਹੈ, ਪਰ ਅਸੀਂ ਕਿਹਾ ਕਿ ਅਸੀਂ ਕਾਨੂੰਨ ਰੱਦ ਹੋਣ ਮਗਰੋਂ ਅੰਦੋਲਨ ਸਮਾਪਤ ਕਰਾਂਗੇ। ਰੁਲਦੂ ਸਿੰਘ ਨੇ ਕਿਹਾ ਕਿ 6 ਤਰੀਕ ਨੂੰ ਸਾਡੇ ਵੱਲੋਂਦਿੱਲੀ ਦੇ ਵੱਡੇ ਰੋਡ ਜਾਮ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਵਿੱਚ ਆੜ੍ਹਤੀ ਵੀਰਾਂ ਦੀ ਹਾਜ਼ਰੀ ਬਹੁਤ ਘੱਟ ਹੈ, ਆੜ੍ਹਤੀ ਵੀਰਾਂ ਨੂੰ ਡਰਨ ਦੀ ਲੋੜ ਨਹੀਂ, ਜੇ ਕੇਂਦਰ ਦੀ ਸਰਕਾਰ ਆੜ੍ਹਤੀਆਂ ਨੂੰ ਕਿਸੇ ਤਰੀਕੇ ਨਾਲ ਡਰਾਉਂਦੀ ਹੈ ਤਾਂ ਕਿਸਾਨ ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਹੋਣਗੇ।

## ਭਾਰਤ ਦੇ ਵਪਾਰੀਆਂ ਵੱਲੋਂ 5 ਮਾਰਚ ਤੋਂ 5 ਅਪ੍ਰੈਲ ਤੱਕ ਅੰਦੋਲਨ ਦਾ ਐਲਾਨ

ਨਵੀਂ ਦਿੱਲੀ, 28 ਫਰਵਰੀ, (ਪੋਸਟ ਬਿਊਰੋ)- ਕਨਫ਼ੈਡਰੇਸ਼ਨ ਆਫ਼ ਆਲ ਇੰਡੀਆ ਟ੍ਰੇਡਰਜ਼ (ਕੈਟ) ਨੇ 26 ਫ਼ਰਵਰੀ ਦੇ 'ਭਾਰਤ ਬੰਦ' ਦੀ ਕਾਮਯਾਬੀ ਤੋਂ ਬਾਅਦ ਜੀਐਸਟੀ ਅਤੇ ਈ-ਕਾਮਰਸ ਦੇ ਮੁੱਦਿਆਂ ਉੱਤੇ ਇਸ 5 ਮਾਰਚ ਤੋਂ ਲੈ ਕੇ 5 ਅਪ੍ਰੈਲ ਤੱਕਭਾਰਤ ਦੇ ਸਾਰੇ ਰਾਜਾਂ ਵਿੱਚ ਅੰਦੋਲਨ ਜਾਰੀ ਰੱਖਣ ਦਾ ਐਲਾਨ ਕੀਤਾ ਹੈ।

ਇਸ ਸੰਬੰਧ ਵਿੱਚ 'ਕੈਟ' ਨੇ ਕਿਹਾ ਹੈ ਕਿ ਇਹ ਦੋਵੇਂ ਮੁੱਦੇ ਭਾਰਤ ਦੇ 8 ਕਰੋੜ ਵਪਾਰੀਆਂ ਨਾਲ ਸਿੱਧਾ ਸਬੰਧ ਰੱਖਦੇ ਹਨ ਅਤੇ ਜਦੋਂ ਤੱਕ ਦੋਵੇਂ ਮੁੱਦਿਆਂ ਦਾ ਕੋਈ ਤਰਕਪੂਰਨ ਹੱਲ ਨਹੀਂ ਹੋ ਜਾਂਦਾ, ਤਦ ਤੱਕ ਦੇਸ਼ ਵਿੱਚ ਵਪਾਰੀਆਂ ਦਾ ਅੰਦੋਲਨ ਜਾਰੀ ਰਹੇਗਾ। ਜਥੇਬੰਦੀ ਨੇ ਕਿਹਾ ਕਿ ਇਸ ਵੇਲੇ ਭਾਰਤ ਦੇ ਵਪਾਰੀ ਜੀਐੱਸਟੀ ਦੀਆਂ ਵਿਵਸਥਾਵਾਂ ਅਤੇ ਈ-ਕਾਮਰਸ ਵਿੱਚ ਵਿਦੇਸ਼ੀ ਕੰਪਨੀਆਂ ਦੀ ਲਗਾਤਾਰ ਮਨਮਰਜ਼ੀਤੋਂ ਦੁਖੀ ਹਨ। ਉਹ ਜਾਂ ਤਾਂ ਆਪਣੀਆਂ



ਸਮੱਸਿਆਵਾਂ ਦਾ ਹੱਲ ਕਰਵਾਉਣਗੇ ਜਾਂ ਫਿਰ ਆਪਣਾ ਵਪਾਰ ਬੰਦ ਕਰਨ ਲਈ ਮਜਬੂਰ ਹੋਣਗੇ।

'ਕੈਟ' ਦੇ ਰਾਸ਼ਟਰੀ ਪ੍ਰਧਾਨ ਬੀਸੀ ਭਰਤੀਆ ਤੇ ਰਾਸ਼ਟਰੀ ਜਨਰਲ ਸੈਕਟਰੀ ਪ੍ਰਵੀਨ ਖੰਡੇਲਵਾਲ ਨੇ ਦੱਸਿਆ ਕਿ ਵੀਡੀਓ ਕਾਨਫ਼ਰੰਸ ਰਾਹੀਂ ਦੇਸ਼ ਦੇ ਸਾਰੇ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ 275 ਤੋਂ ਵੱਧ ਪ੍ਰਮੁੱਖ ਕਾਰੋਬਾਰੀ ਸੰਗਠਨਾਂ ਦੇ ਆਗੂਆਂ ਨੇ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਹੈ ਕਿ ਦੋਵੇਂ ਮੁੱਦਿਆਂ ਉੱਤੇ ਕੇਂਦਰ ਤੋਂ ਸਿੱਧੇ ਸੁਆਲ-ਜੁਆਬ ਕੀਤੇ ਜਾਣਗੇ ਅਤੇ ਦੇਸ਼ ਦੀਆਂ ਰਾਜ ਸਰਕਾਰਾਂ ਵੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੀਆਂ। ਵਪਾਰੀਆਂ ਦਾ ਦੋਸ਼ ਹੈ ਕਿ ਵਿਦੇਸ਼ੀ ਈ-ਕਾਮਰਸ ਕੰਪਨੀਆਂ ਸਰਕਾਰ ਦੇ ਨਿਯਮਾਂ ਤੇ ਕਾਨੂੰਨਾਂ ਦੀ ਸ਼ਰੇਆਮ ਉਲੰਘਣਾ ਕਰਦੀਆਂ ਹਨ ਤੇ ਉਸ ਉੱਤੇ ਲਗਾਮ ਕੱਸਣੀ ਜ਼ਰੂਰੀ ਹੈ। ਉਨ੍ਹਾਂ ਮੁਤਾਬਕ ਅਗਲੇ ਕੁਝ ਮਹੀਨਿਆਂਵਿੱਚ 5 ਰਾਜਾਂ ਵਿੱਚ ਚੋਣਾਂ ਦੌਰਾਨ ਇੱਕ ਵੋਟ ਬੈਂਕ ਦੇ ਵਾਂਗ ਵਪਾਰੀ ਵਰਗ ਆਪਣੀ ਗਿਣਤੀ ਦੇ ਦਮ ਉੱਤੇ ਕਿਸੇ ਵੀ ਪਾਰਟੀ ਦੀ ਹਾਰ ਜਾਂ ਜਿੱਤ ਦਾ ਕਾਰਨ ਬਣ ਸਕਦੇ ਹਨ।

## ਮਿਆਂਮਾਰ ਵਿੱਚ ਵਿਰੋਧ-ਪ੍ਰਦਰਸ਼ਨਾਂ ਦੌਰਾਨ ਇੱਕੋ ਦਿਨ ਪੁਲਸ ਗੋਲੀ ਨਾਲ 18 ਲੋਕਾਂ ਦੀ ਮੌਤ

ਸਫਾ 1 ਦਾ ਬਾਕੀ... ਐਤਵਾਰ ਯੰਗੂਨ, ਮਾਂਡਲੇ ਤੇ ਹੋਰ ਸ਼ਹਿਰਾਂ ਵਿਚ ਸੁਰੱਖਿਆ ਫੋਰਸਾਂ ਦੀ ਸਖਤੀ ਦੇ ਬਾਵਜੂਦ ਜ਼ੋਰਦਾਰ ਪ੍ਰਦਰਸ਼ਨ ਹੋਏ ਹਨ, ਜਿਨ੍ਹਾਂ ਨੂੰ ਦਬਾਉਣ ਲਈ ਸੁਰੱਖਿਆਫੋਰਸਾਂ ਨੇ ਰਬੜ ਦੀਆਂ ਗੋਲੀਆਂ ਅਤੇ ਹੰਝੂ ਗੈਸ ਦੇ ਨਾਲ ਅਸਲੀ ਗੋਲੀਆਂ ਵੀ ਚਲਾਈਆਂ ਹਨ। ਪਤਾ ਲੱਗਾ ਕਿ ਕਈ ਲੋਕਾਂ ਗੋਲੀਆਂ ਦਾ ਨਿਸ਼ਾਨਾ ਬਣੇ ਹਨ ਅਤੇ 10 ਵਿਖਾਵਾਕਾਰੀਆਂ ਦੀ ਮੌਤ ਹੋਈ ਹੈ।





ਅੱਜ ਐਤਵਾਰ ਨੂੰ ਦੇਸ਼ ਦੇ ਫੌਜੀ ਸ਼ਾਸਕਾਂ ਨੇ ਯੂ ਐੱਨ ਓ ਲਈ ਆਪਣੇ ਰਾਜਦੂਤ ਨੂੰ ਫੌਜ ਸੱਤਾ ਤੋਂ ਹਟਾਉਣ ਦੀ ਮੰਗ ਕਰਨ ਲਈ ਕੱਢ ਦਿੱਤਾ ਹੈ। ਫੌਜੀ ਸ਼ਾਸਕਾਂ ਨੇ ਕਿਹਾ ਹੈ ਕਿ ਉਨ੍ਹਾਂ ਨੇ ਫੌਜ ਦੇ ਵਿਰੋਧ ਵਿਚ ਬੋਲਣ ਕਾਰਨਯੂ ਐੱਨ ਓ ਲਈ ਆਪਣੇ ਰਾਜਦੂਤ ਕਯਾ ਮੋ ਤੁਨ ਨੂੰ ਕੱਢ ਦਿੱਤਾ ਹੈ। ਮਿਆਂਮਾਰ ਦੇ ਰਾਜਦੂਤ ਨੇ ਇਕ ਦਿਨ ਪਹਿਲਾਂ ਯੂ ਐੱਨ ਓਵਿੱਚਫੌਜ ਨੂੰ ਸੱਤਾ ਤੋਂ ਹਟਾਉਣ ਲਈ ਮਦਦ ਦੀ ਮੰਗ ਕੀਤੀ ਸੀ। ਆਪਣੇ ਭਾਸ਼ਣ ਵਿਚ ਕਯਾ ਤੋ ਤੁਨ ਨੇ ਕਿਹਾ ਸੀ ਕਿ ਜਦ ਤੱਕ ਫੌਜ ਲੋਕਤੰਤਰੀ ਢੰਗ ਚੁਣੀ ਗਈ ਸਰਕਾਰ ਨੂੰ ਸੱਤਾਤਬਦੀਲ ਨਹੀਂ ਕਰਦੀ,ਕਿਸੇ ਨੂੰ ਵੀ ਫੌਜ ਦਾਸਹਿਯੋਗ ਨਹੀਂ ਕਰਨਾ ਚਾਹੀਦਾ। ਯੂ ਐੱਨ ਓ ਵਿਚਲੇ ਸੂਤਰਾਂ ਦੇ ਹਵਾਲੇ ਨਾਲ ਖਬਰ ਏਜੰਸੀ ਨੇ ਦੱਸਿਆ ਕਿਯੂ ਐੱਨ ਓਨੇ ਕਿਹਾ ਹੈ ਕਿ ਮਿਆਂਮਾਰ ਦੀ ਫੌਜੀ ਸਰਕਾਰ ਨੂੰ ਉਹ ਮਾਨਤਾ ਨਹੀਂ ਦਿੰਦੀ। ਇਸ ਕਾਰਨ ਕਯਾ ਮੋ ਤੁਨ ਯੂ ਐੱਨ ਓ ਵਿਚ ਮਿਆਂਮਾਰ ਦੇ ਰਾਜਦੂਤ ਬਣੇ ਰਹਿਣਗੇ। ਮਿਆਂਮਾਰ ਦੇ ਸਰਕਾਰੀ ਟੀ ਵੀ ਉੱਤੇ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਦਾ ਐਲਾਨ ਕਰ ਕੇਕਿਹਾ ਗਿਆ ਕਿ ਉਨ੍ਹਾਂ ਦੇਸ਼ ਨਾਲ ਗੱਦਾਰੀ ਕੀਤੀ ਹੈ। ਰਿਪੋਰਟ ਵਿਚ ਕਿਹਾ ਗਿਆ ਕਿ ਰਾਜਦੂਤ ਨੇ ਆਪਣੀਆਂ ਸ਼ਕਤੀਆਂ ਤੇ ਜ਼ਿਮੇਵਾਰੀ ਦੀ ਗਲਤ ਵਰਤੋਂ ਕੀਤੀ ਹੈ, ਜਿਸ ਕਾਰਨ ਉਸ ਨੂੰ ਹਟਾ ਦਿੱਤਾ ਗਿਆ ਹੈ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



ShenGill Law Firm
Barrister, Solicitor & Notary Public
Services:
*Real Estate
*Residential, Commercial & Franchise
*Criminal Law
*Family Law
*Affidavit, Power Of Attorney & Notarization
*Immigration Matters
Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਭਾਰਤ ਸਰਕਾਰ ਨੇ ਕਿਹਾ; ਸੋਸ਼ਲ ਮੀਡੀਆ ਉਤੇ ਸਮੱਗਰੀ ਬਲਾਕ ਕਰਨ ਦਾ ਨਿਯਮ ਨਵਾਂ ਨਹੀਂ



ਨਵੀਂ ਦਿੱਲੀ, 28 ਫਰਵਰੀ (ਪੋਸਟ ਬਿਊਰੋ)- ਸੋਸ਼ਲ ਮੀਡੀਆ ਸਮੇਤ ਬਾਕੀ ਆਨਲਾਈਨ ਸਮੱਗਰੀ ਨੂੰ ਬਲਾਕ ਕਰਨ ਦੇ ਵਿਵਾਦ ਉੱਤੇ ਭਾਰਤ ਸਰਕਾਰ ਦਾ ਕਹਿਣਾ ਹੈ ਕਿ ਡਿਜੀਟਲ ਮੀਡੀਅਮ ਉੱਤੇ ਸਮੱਗਰੀ ਨੂੰ ਹੰਗਾਮੀ ਹਾਲਤ ਵਿੱਚ ਬਲਾਕ ਕਰਨ ਦਾ ਨਿਯਮ ਇਸ ਦੇਸ਼ ਵਿੱਚ ਨਵਾਂ ਨਹੀਂ, ਪਹਿਲਾਂ ਤੋਂ ਚੱਲ ਰਿਹਾ ਹੈ। ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੇ ਡਿਜੀਟਲ ਮੀਡੀਆ ਦੇ ਨਵੇਂ ਨਿਰਦੇਸ਼ਾਂ ਉੱਤੇਕੱਲ੍ਹ ਸਪੱਸ਼ਟੀਕਰਨ ਦਿੰਦੇ ਹੋਏ ਕਿਹਾ ਕਿ ਇਨ੍ਹਾਂ ਨਿਰਦੇਸ਼ਾਂ ਦੇ ਭਾਗ ਤਿੰਨ ਦੇ ਨਿਯਮ 16 ਬਾਰੇ ਕੁਝ ਭਰਮ ਦੀ ਸਥਿਤੀ ਹੈ। ਇਸ ਨਿਯਮ ਹੇਠ ਹੰਗਾਮੀ ਹਾਲਤ ਵਿੱਚ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਦੇ ਸੈਕਟਰੀ ਸਮੱਗਰੀ ਨੂੰ ਅੰਤ੍ਰਿਮ ਰੂਪ ਨਾਲ ਕੁਝ ਚੀਜ਼ਾਂ ਬਲਾਕ ਕਰਨ ਦਾ ਨਿਰਦੇਸ਼ ਦੇ ਸਕਦੇ ਹਨ। ਬਿਆਨ ਵਿੱਚ ਸਪੱਸ਼ਟ ਕੀਤਾ ਗਿਆ ਕਿ ਇਹ ਨਵਾਂ ਨਿਯਮ ਨਹੀਂ, ਪਿਛਲੇ 11 ਸਾਲ (2009) ਤੋਂ ਚੱਲ ਰਿਹਾ ਹੈ ਅਤੇ ਨਿਯਮ ਹੇਠ ਅਧਿਕਾਰ ਦੀ ਵਰਤੋਂ ਇਲੈਕਟ੍ਰੋਨਿਕਸ ਅਤੇ ਆਈ ਟੀ ਮੰਤਰਾਲੇ ਦੇ ਸੈਕਟਰੀ ਵੱਲੋਂ ਸੂਚਨਾ ਤਕਨੀਕ (ਜਨਤਾ ਦੇ ਲਈ ਸੂਚਨਾ ਨੂੰ ਬਲਾਕ ਕਰਨ ਦੀ ਪ੍ਰਕਿਰਿਆ ਅਤੇ ਸੁਰੱਖਿਆ) ਨਿਯਮ 2009 ਹੇਠ ਕੀਤੀ ਜਾਂਦੀ ਹੈ। ਇਸ ਸਾਲ 25 ਫਰਵਰੀ ਨੂੰ ਜਾਰੀ ਨਿਯਮਾਂ ਅਨੁਸਾਰ ਨਿਯਮ ਵਿੱਚ ਇਸ ਦੀ ਵਰਤੋਂ ਕਰਨ ਦਾ ਅਧਿਕਾਰ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਦੇ ਸੈਕਟਰੀ ਨੂੰ ਦੇ ਦਿੱਤਾ ਗਿਆ ਹੈ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
BOBBY SIDHU
partner
(Serving the Community for Over 16 yrs.)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ





Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7


# ਇੰਤਕਾਲ ਦੇ ਬਦਲੇ 25 ਹਜ਼ਾਰ ਰਿਸ਼ਵਤ ਲੈਂਦੇ ਪਟਵਾਰੀ ਤੇ ਕਾਨੂੰਨਗੋ ਗ੍ਰਿਫ਼ਤਾਰ



ਹੁਸ਼ਿਆਰਪੁਰ, 28 ਫਰਵਰੀ (ਪੋਸਟ ਬਿਊਰੋ)- ਵਿਜਿਲੈਂਸ ਬਿਊਰੋ ਨੇ ਕੱਲ੍ਹ ਇੱਕ ਪਟਵਾਰੀ ਅਤੇ ਰੈਵੇਨਿਊ ਵਿਭਾਗ ਤੋਂ ਡਿਫਾਲਟਰ ਐਲਾਨੇ ਗਏਸਾਬਕਾਕਾਨੂਨਗੋ ਨੂੰ ਇੱਕ ਕਿਸਾਨ ਦਾ ਇੰਤਕਾਲ ਕਰਨ ਦੇ ਬਦਲੇ 25 ਹਜ਼ਾਰ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਵਿੱਚ ਟ੍ਰੈਪ ਲਾ ਕੇ ਕਾਬੂ ਕਰ ਲਿਆ।

ਇਸ ਸੰਬੰਧ ਵਿੱਚ ਡੀ ਐਸ ਪੀ ਵਿਜੀਲੈਂਸ ਨਿਰੰਜਨ ਸਿੰਘ ਦੇ ਮੁਤਾਬਕ ਸ਼ਿਕਾਇਤ ਕਰਤਾ ਪ੍ਰਿਤਪਾਲ ਜੀਤ ਸਿੰਘ ਸੰਘਾ ਵਾਸੀ ਕੋਰਟ ਰੋਡ ਹੁਸ਼ਿਆਰਪੁਰ ਨੇ ਦੱਸਿਆ ਕਿ ਉਨ੍ਹਾਂ ਦੀ ਜ਼ਮੀਨ ਕੰਢੀ ਨਹਿਰ ਵਿਭਾਗ ਨੇ ਐਕਵਾਇਰ ਕੀਤੀ ਸੀ, ਜਿਸਦਾ ਇੰਤਕਾਲ ਹੋਣਾ ਸੀ। ਇੰਤਕਾਲ ਦੇ ਬਾਅਦ ਉਨ੍ਹਾਂ ਨੂੰ ਉਨ੍ਹਾਂ ਦੀ ਐਕਵਾਇਰ ਕੀਤੀ ਜ਼ਮੀਨ ਦਾ ਮੁਆਵਜ਼ਾ ਨਹਿਰੀ ਵਿਭਾਗ ਤੋਂ ਮਿਲਣਾ ਸੀ। ਉਨ੍ਹਾਂ ਨੇ ਤਹਿਸੀਲ ਵਿਭਾਗ ਵਿੱਚ ਇਸ ਦੀ ਅਰਜ਼ੀ ਦਿੱਤੀ ਤਾਂ ਪਟਵਾਰੀ ਸੁਰਿੰਦਰ ਪਾਲ ਜ਼ਮੀਨ ਦਾ ਇੰਤਕਾਲ ਕਰਨ ਵਿੱਚ ਆਨਾਕਾਨੀ ਕਰਦਾ ਰਿਹਾ। ਫਿਰ ਉਸ ਨੇ ਕੰਮ ਕਰਨ ਬਦਲੇ 25 ਹਜ਼ਾਰ ਰੁਪਏ ਦੀ ਮੰਗ ਕੀਤੀ। ਡੀ ਐਸ ਪੀ ਨੇ ਦੱਸਿਆ ਕਿ ਸ਼ਿਕਾਇਤ ਦੇ ਬਾਅਦ ਦੋਸ਼ੀਆਂ ਨੂੰ ਰੰਗੇ ਹੱਥ ਫੜਨ ਲਈ ਟ੍ਰੈਪ ਲਾਇਆ, ਤਾਂ ਇਹ ਲੋਕ ਉਸ ਵਿੱਚ ਫਸ ਗਏ ਅਤੇ ਉਨ੍ਹਾਂ ਤੋਂ 25 ਹਜ਼ਾਰ ਰੁਪਏ ਰਿਸ਼ਵਤ ਦੇ ਬਰਾਮਦ ਹੋ ਗਏ ਹਨ। ਇਸ ਮੌਕੇ ਫੜੇ ਗਏ ਕਾਨੂਨਗੋ ਯੋਗਰਾਜ ਪਾਲ ਦੇ ਖ਼ਿਲਾਫ਼ ਸਾਲ 1992 ਵਿੱਚ 300 ਰੁਪਏ ਰਿਸ਼ਵਤ ਲੈਣ ਦਾ ਕੇਸ ਵਿਜਿਲੈਂਸ ਵਿਭਾਗ ਨੇ ਦਰਜ ਕੀਤਾ ਸੀ, ਜਿਸ ਦੇ ਬਾਅਦ ਉਸ ਨੂੰ ਨੌਕਰੀ ਤੋਂ ਹੱਥ ਧੋਣਾ ਪਿਆ ਸੀ।

## ਨੂੰਹ ਦੇ ਖਿਲਾਫ ਤਿੰਨ ਸਫਿਆਂ ਦਾ ਸੁਸਾਈਡ ਨੋਟ ਲਿਖ ਕੇ ਸਹੁਰੇ ਵੱਲੋਂ ਖੁਦਕੁਸ਼ੀ

ਜਲੰਧਰ, 28 ਫਰਵਰੀ (ਪੋਸਟ ਬਿਊਰੋ)- ਰੰਧਾਵਾ ਮਸੰਦਾਂ ਪਿੰਡ ਵਿੱਚ ਸ਼ੱਕੀ ਹਾਲਾਤ ਵਿੱਚ 52 ਸਾਲਾ ਵਿਅਕਤੀ ਨੇ ਆਪਣੀ ਨੂੰਹ ਅਤੇ ਉਸ ਦੇ ਮਾਤਾ-ਪਿਤਾ ਅਤੇ ਹੋਰ ਰਿਸ਼ਤੇਦਾਰਾਂ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਦੀ ਪਛਾਣ ਰੰਧਾਵਾ ਮਸੰਦਾਂ ਦੇ ਖੰਡਾਲਾ ਫਾਰਮ ਦੇ ਰਹਿਣ ਵਾਲੇ 52 ਸਾਲਾ ਹਰਦੀਪ ਸਿੰਘ ਵਜੋਂ ਹੋਈ ਹੈ। ਪੁਲਸ ਨੇ ਤਿੰਨ ਸਫਿਆਂ ਦੇ ਸੁਸਾਈਡ ਨੋਟ ਦੇ ਆਧਾਰ ਉੱਤੇ ਮਾਮਲਾ ਦਰਜ ਕਰ ਲਿਆ ਹੈ।

ਸਬ ਇੰਸਪੈਕਟਰ ਵਿਜੈ ਕੁਮਾਰ ਨੇ ਦੱਸਿਆ ਕਿ ਘਟਨਾ ਦੀ ਜਾਣਕਾਰੀ ਮ੍ਰਿਤਕ ਦੀ ਭੈਣ ਨੇ ਦਿੱਤੀ ਸੀ, ਜਿਸ ਦੇ ਬਾਅਦ ਉਨ੍ਹਾਂ ਨੇ ਮੌਕੇ ਉੱਤੇ ਪਹੁੰਚ ਕੇ ਜਾਂਚ ਕੀਤੀ ਤਾਂ ਮੌਕੇ ਤੋਂ ਤਿੰਨ ਸਫਿਆਂ ਦਾ ਸੁਸਾਈਡ ਨੋਟ ਮਿਲਿਆ, ਜਿਸ ਵਿੱਚ ਉਸ ਨੇ ਖੁਦਕੁਸ਼ੀ ਦਾ ਕਾਰਨ ਉਸ ਦੀ ਨੂੰਹ, ਉਸ ਦੇ ਮਾਤਾ-ਪਿਤਾ ਅਤੇ ਹੋਰਨਾਂ ਰਿਸ਼ਤੇਦਾਰਾਂ ਨੂੰ ਦੱਸਿਆ ਸੀ।ਘਟਨਾ ਦੇ ਸਮੇਂ ਮ੍ਰਿਤਕ ਘਰ ਵਿੱਚ ਇਕੱਲਾ ਸੀ। ਉਸ ਦਾ ਬੇਟਾ ਕਿਸੇ ਕੰਮ ਬਾਹਰ ਗਿਆ ਸੀ। ਮ੍ਰਿਤਕ ਦੀ ਭੈਣਆਪਣੇ ਭਰਾ ਨੂੰ ਫੋਨ ਕਰ ਰਹੀ ਸੀ। ਜਦ ਉਸ ਨੇ ਫੋਨ ਨਾ ਚੁੱਕਿਆ ਤਾਂ ਉਹ ਉਸ ਦੇ ਘਰ ਆ ਗਈ। ਫਿਰ ਉਸ ਨੇ ਘਟਨਾ ਦੀ ਜਾਣਕਾਰੀ ਪੁਲਸ ਨੂੰ ਦਿੱਤੀ। ਪੁਲਸ ਨੇ ਮ੍ਰਿਤਕ ਦੀ ਨੂੰਹ ਰੀਤ ਅਤੇ ਉਸ ਦੇ ਮਾਤਾ-ਪਿਤਾ ਦੇ ਖਿਲਾਫ ਹੱਤਿਆ ਲਈ ਉਕਸਾਉਣ ਦਾ ਕੇਸ ਦਰਜ ਕਰ ਲਿਆ ਹੈ। ਸਬ ਇੰਸਪੈਕਟਰ ਵਿਜੈ ਕੁਮਾਰ ਨੇ ਕਿਹਾ ਕਿ ਮ੍ਰਿਤਕ ਦੇ ਕਮਰੇ ਵਿੱਚੋਂ ਬਰਾਮਦ ਹੋਇਆ ਸੁਸਾਈਡ ਨੋਟ ਪੁਲਸ ਫੋਰੈਂਸਿਕ ਜਾਂਚ ਦੇ ਲਈ ਭੇਜੇਗੀ।

## ਡਾਕਟਰ ਦੇ ਘਰ ਕੋਲ ਮਕਾਨ ਖਰੀਦਿਆ, ਸੁਰੰਗ ਬਣਾ ਕੇ ਕਰੋੜਾਂ ਰੁਪਏ ਦੀ ਚਾਂਦੀ ਚੋਰੀ ਕੀਤੀ

ਜੈਪੁਰ, 28 ਫਰਵਰੀ (ਪੋਸਟ ਬਿਊਰੋ)- ਰਾਜਸਥਾਨ ਦੀ ਰਾਜਧਾਨੀ ਜੈਪੁਰ ਵਿੱਚ ਚੋਰੀ ਦਾ ਇੱਕ ਅਜੀਬ ਕੇਸ ਪਤਾ ਲੱਗਾ ਹੈ। ਦੋਸ਼ੀਆਂ ਨੇ ਇੱਕ ਡਾਕਟਰ ਦੇ ਘਰ ਨੇੜੇ 87 ਲੱਖ ਰੁਪਏ ਦਾ ਮਕਾਨ ਖਰੀਦ ਕੇ ਕਰੀਬ 15 ਫੁੱਟ ਡੂੰਘੀ ਵੀਹ ਫੁੱਟ ਲੰਬੀ ਸੁਰੰਗ ਪੁੱਟ ਕੇ ਡਾਕਟਰ ਦੇ ਘਰ ਦੇ ਬੇਸਮੈਂਟ ਵਿੱਚ ਰੱਖੇ ਤਿੰਨ ਬਕਸਿਆਂ ਵਿੱਚੋਂ ਕਰੋੜਾਂ ਰੁਪਏ ਦੀ ਚਾਂਦੀ ਚੋਰੀ ਕਰ ਲਈ। ਇਸ ਕੇਸ ਵਿੱਚ ਇੱਕ ਵਿਅਕਤੀ ਫੜਿਆ ਅਤੇ ਸ਼ੱਕ ਦੇ ਘੇਰੇਵਿੱਚ ਤਿੰਨ ਜਣੇਹੋਰ ਵੀ ਹਨ।

ਇਸ ਸ਼ਹਿਰ ਦੇ ਵੈਸ਼ਾਲੀ ਨਗਰ ਥਾਣਾ ਖੇਤਰ ਵਿੱਚ ਹੇਅਰਪਲਾਂਟ ਦੇ ਮਾਹਰ ਡਾਕਟਰ ਸੁਨੀਲ ਸੋਨੀ ਰਹਿੰਦੇ ਹਨ। ਦੋ ਦਿਨ ਪਹਿਲਾਂ ਸੋਨੀ ਆਪਣੇ ਘਰ ਦੀ ਬੇਸਮੈਂਟ ਵਿੱਚ ਗਏ ਤਾਂ ਦੇਖਿਆ ਕਿ ਉਥੇ ਪਏ ਚਾਂਦੀ ਨਾਲ ਭਰੇ ਬਕਸੇ ਗਾਇਬ ਹਨ। ਇਸ ਪਿੱਛੋਂ ਉਨ੍ਹਾਂ ਨੇ ਪੁਲਸ ਨੂੰ ਜਾਣਕਾਰੀ ਦਿੱਤੀ। ਸ਼ੁਰੂ ਦੀ ਜਾਂਚ ਤੋਂ ਪਤਾ ਲੱਗਾ ਕਿ ਬੇਸਮੈਂਟ ਦੇ ਹੇਠਾਂ ਸੁਰੰਗ ਬਣਾ ਕੇ ਚੋਰੀ ਕੀਤੀ ਗਈ ਹੈ। ਜਾਂਚ ਵਿੱਚ ਪਤਾ ਲੱਗਾ ਕਿ ਡਾਕਟਰ ਦੇ ਘਰ ਦੇ ਪਿੱਛੇ ਇੱਕ ਮਕਾਨ ਦੇ ਕਮਰੇਤੋਂ ਸੁਰੰਗ ਪੁੱਟ ਕੇ ਚੋਰ ਇਸ ਰਾਹੀਂ ਬੇਸਮੈਂਟ ਤੱਕ ਪਹੁੰਚੇ ਅਤੇ ਫਰਸ਼ ਪੁੱਟ ਕੇ ਬਕਸੇ ਕੱਢ ਕੇ ਲੈ ਗਏ। ਇੱਕ ਅੰਦਾਜ਼ੇ ਮੁਤਾਬਕ ਕਰੀਬ ਚਾਰ ਸੌ ਕਿਲੋ ਚਾਂਦੀ ਚੋਰੀ ਹੋਈ ਹੈ। ਡਾਕਟਰ ਸੋਨੀ ਨੇ ਸ਼ਿਕਾਇਤ ਵਿੱਚ ਕਿਹਾ ਹੈ ਕਿ ਉਨ੍ਹਾਂ ਦੇ ਅਤੇ ਪਰਵਾਰ ਦੇ ਗਹਿਣੇ ਗਾਇਬ ਹੋਏ ਹਨ। ਬਕਸਿਆਂ ਵਿੱਚ ਕਿੰਨੀ ਚਾਂਦੀ ਸੀ, ਹਾਲੇ ਇਸ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



Grand Upholstery Ltd
Sofa Company Originality in Every Piece
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
Special on Sale
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com



ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਆਪਣੇ ਆਪ ਨੂੰ ਘਰ ਵਿਚ ਅਲੱਗ ਨਹੀਂ ਕਰ ਸਕਦੇ?

ਮਦਦ ਉਪਲਬਧ ਹੈ।

ਸਾਡਾ ਪ੍ਰੋਗਰਾਮ ਹੋਟਲ ਦੇ ਮੁਫਤ ਨਿੱਜੀ ਕਮਰਿਆਂ ਦੀ ਪੇਸ਼ਕਸ਼ ਕਰਦਾ ਹੈ।

ਸਾਈਨ ਅਪ ਕਰਨ ਲਈ ਜਾਂ ਵਧੇਰੇ ਜਾਣਕਾਰੀ ਲਈ 905-281-1269 'ਤੇ ਕਾਲ



peelregion.ca/COVID-19

Region of Peel
working with you



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.



## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

## ਨੈਨੀ ਦੀ ਲੋੜ

Queen and credit view area ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।

ਸੰਪਰਕ: 416-556-6884

## BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005

Best Canadian Truck & Forklift Training Centre

- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-

Karnail Singh

416.670.3173 | 905.799.7333
27 Edvac Dr, Brampton, ON L6S 5X8

## Visions of Punjab

VISION ZOOMERTV

Airs Across Canada
Every Saturday
1:00 pm to 1:30 pm EST
10:00 am to 10:30 am PST
*Mahal Entertainment Inc.*
Cell:416-587-5520
Email: iqbalmahal46@gmail.com

Natasha Mahal
Co-Host

Iqbal Mahal
Producer & Host

Serving the South Asian Community Since 1976

## PUNJABI RANG RADIO

CAIO 530AM
11pm-12am
Every Saturday

Chamkaur Singh
Producer/ Host
Cell: 416 662 1313
Email: punjabirang13@hotmail.com

# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਗਿਆਨ ਗੰਗਾ

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224

## KAMAL SANDHU

Sales Representative
647.891.0143

RE/MAX GOLD
realtorkamalsandhu@gmail.com
www.arearealtor.com

Looking For a Nest..? Call the Best




CLOSING IN APRIL 2021

| Bedroom | Bathroom |
|---|---|
| 4 | 2+1 |
| **Size (Sq.Ft.)** | **Home Details** |
| 2455 | 42' |

EXCLUSIVE FOR SALE IN WOODSTOCK



CLOSING IN APRIL 2021


| Bedroom | Bathroom |
|---|---|
| 4 | 2+1 |
| **Size (Sq.Ft.)** | **Home Details** |
| 2250 | 36' |

FOR SALE

EXCLUSIVE
JAMES C

KAMAL SANDHU RE/MAX GOLD REALTY INC BROKERAGE

# ਨਿਤੀਸ਼ ਦੀਆਂ ਗਲਤੀਆਂ ਤੋਂ ਮਮਤਾ ਸਿੱਖ ਸਕਦੀ ਸੀ, ਪਰ...



ਜਤਿੰਦਰ ਪੰਨੂ

ਭਾਰਤ ਦੀ ਰਾਜਧਾਨੀ ਦਿੱਲੀ ਦੇ ਬਾਰਡਰਾਂ ਉੱਤੇ ਜਦੋਂ ਕਿਸਾਨਾਂ ਦਾ ਧਰਨਾ ਚੱਲਦਾ ਪਿਆ ਹੈ ਅਤੇ ਇਸ ਵਿਚ ਡਟੇ ਹੋਏ ਲੋਕਾਂ ਦੀ ਗਿਣਤੀ ਕਦੀ ਥੋੜ੍ਹੀ ਘਟਣ ਤੇ ਅਗਲੇ ਦਿਨ ਉਸ ਤੋਂ ਵਧਣ ਦੀ ਖਬਰ ਆ ਜਾਂਦੀ ਹੈ, ਐਨ ਓਦੋਂ ਭਾਰਤ ਦੇ ਪੰਜ ਰਾਜਾਂ ਲਈ ਚੋਣਾਂ ਦਾ ਐਲਾਨ ਹੋ ਗਿਆ ਹੈ। ਇਨ੍ਹਾਂ ਵਿੱਚ ਚਾਰ ਰਾਜ ਤੇ ਪੰਜਵਾਂ ਕੇਂਦਰੀ ਸ਼ਾਸਤ ਪ੍ਰਦੇਸ਼ ਪੁੱਡੂਚੇਰੀ ਹੈ, ਜਿਸ ਦੀ ਸਰਕਾਰ ਉਸ ਦੇ ਆਪਣੇ ਵਿਧਾਇਕਾਂ ਵੱਲੋਂ ਅਸਤੀਫੇ ਦੇਣ ਕਾਰਨ ਹਾਲੇ ਏਸੇ ਹਫਤੇ ਬਹੁ-ਮੱਤ ਨਾ ਹੋਣ ਕਾਰਨ ਡਿੱਗੀ ਹੈ। ਉਸ ਦੀ ਮਿਆਦ ਅਜੇ ਦੋ ਮਹੀਨੇ ਰਹਿੰਦੀ ਸੀ, ਪਰ ਡੇਗੀ ਇਸ ਕਰ ਕੇ ਗਈ ਹੈ ਕਿ ਉਸ ਦੀ ਥਾਂ ਲੈਫਟੀਨੈਂਟ ਗਵਰਨਰ ਦੇ ਹੱਥ ਸਰਕਾਰੀ ਮਸ਼ੀਨਰੀ ਦੀ ਕਮਾਨ ਦੇ ਕੇ ਅਗਲੀਆਂ ਵਿਧਾਨ ਸਭਾ ਚੋਣਾਂ ਵੇਲੇ ਉਸ ਦੀ ਦੁਰਵਰਤੋਂ ਕੀਤੀ ਜਾ ਸਕੇ। ਏਦਾਂ ਪਹਿਲਾਂ ਵੀ ਕਈ ਥਾਂਈਂ ਹੋ ਚੁੱਕਾ ਹੈ। ਛੋਟਾ ਜਿਹਾ ਰਾਜ ਹੋਣ ਕਾਰਨ ਉਸ ਦੀ ਚੋਣ ਵੱਲ ਬਹੁਤੇ ਲੋਕਾਂ ਦਾ ਧਿਆਨ ਨਹੀਂ ਜਾ ਰਿਹਾ ਤੇ ਤਾਮਿਲ ਨਾਡੂ ਵਿੱਚ ਜੈਲਿਲਤਾ ਅਤੇ ਕਰੁਣਾਨਿਧੀ ਦੋਵਾਂ ਦੀ ਮੌਤ ਮਗਰੋਂ ਹੋਣ ਵਾਲੀ ਪਹਿਲੀ ਚੋਣ ਵਿੱਚ ਕੌਣ ਕਿੰਨੇ ਪਾਣੀ ਵਿੱਚ ਲੱਭਦਾ ਹੈ, ਇਸ ਵੱਲ ਵੀ ਬਹੁਤੇ ਲੋਕਾਂ ਦਾ ਧਿਆਨ ਨਹੀਂ। ਆਸਾਮ ਦੇ ਮਾਮਲੇ ਵਿੱਚ ਪਿਛਲੀ ਵਾਰੀ ਭਾਜਪਾ ਨੇ ਕਈ ਸਾਲ ਕਾਂਗਰਸ ਦੀ ਸਰਕਾਰ ਵਿੱਚ ਮੰਤਰੀ ਰਹਿ ਚੁੱਕੇ ਸਰਬਾਨੰਦ ਸੋਨਵਾਲ ਨੂੰ ਅੱਗੇ ਲਾ ਕੇ ਜਿਹੜਾ ਦਾਅ ਖੇਡ ਲਿਆ ਸੀ, ਉਸ ਕਾਰਨ ਓਥੇ ਭਾਜਪਾ ਖਤਰਾ ਮਹਿਸੂਸ ਨਹੀਂ ਕਰਦੀ। ਉਸ ਦਾ ਸਮੁੱਚਾ ਧਿਆਨ, ਅਤੇ ਦੇਸ਼ ਦੇ ਲੋਕਾਂ ਦਾ ਸਾਰਾ ਧਿਆਨ ਵੀ, ਸਿਰਫ ਦੋ ਰਾਜਾਂ ਪੱਛਮੀ ਬੰਗਾਲ ਤੇ ਕੇਰਲ ਵੱਲ ਲੱਗਾ ਹੋਇਆ ਹੈ।

ਕੇਰਲ ਵਿੱਚ ਆਜ਼ਾਦੀ ਤੋਂ ਬਾਅਦ ਕਦੀ ਖੱਬੀ ਧਿਰ ਤੇ ਕਦੀ ਕਾਂਗਰਸ ਦੀ ਅਗਵਾਈ ਵਾਲਾ ਮੋਰਚਾ ਰਾਜ ਕਰਦਾ ਰਿਹਾ ਸੀ। ਨਰਿੰਦਰ ਮੋਦੀ ਦੇ ਵਕਤ ਇੱਕ ਧਰਮ ਦੀ ਚੜ੍ਹਤ ਦੇ ਨਾਅਰੇ ਨਾਲ ਜਿਹੜੀ ਉਠਾਣ ਸ਼ੁਰੂ ਹੋਈ, ਕੇਰਲ ਉਸ ਦੇ ਪ੍ਰਭਾਵ ਤੋਂ ਬਚ ਨਹੀਂ ਸਕਿਆ ਤੇ ਪੰਜ ਸਾਲ ਪਹਿਲਾਂ ਦੀ ਵਿਧਾਨ ਸਭਾ ਚੋਣ ਵੇਲੇ ਉਸ ਰਾਜ ਵਿੱਚ ਪਹਿਲੀ ਵਾਰ ਭਾਜਪਾ ਦਾ ਇੱਕ ਉਮੀਦਵਾਰ ਜਿੱਤਣ ਵਿੱਚ ਕਾਮਯਾਬ ਹੋ ਗਿਆ ਸੀ। ਇਹ ਉਸ ਰਾਜ ਵਿੱਚ ਭਾਜਪਾ ਦੇ ਉਸ ਸੁਫਨੇ ਦਾ ਆਗਾਜ਼ ਸੀ, ਜਿਹੜਾ ਸਾਰੇ ਦੇਸ਼ ਵਿੱਚ ਇੱਕੋ ਪਾਰਟੀ ਭਾਜਪਾ ਦਾ ਰਾਜ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਹੁਤ ਚਿਰ ਤੋਂ ਲੈ ਰਿਹਾ ਸੀ। ਇਸ ਵਾਰ ਵੀ ਉਹ ਇਸ ਸੁਫਨੇ ਵਿੱਚ ਕਾਮਯਾਬ ਨਹੀਂ ਹੋ ਸਕਣੇ ਕਿ ਸਭ ਤੋਂ ਵੱਧ ਪੜ੍ਹੇ-ਲਿਖੇ ਲੋਕਾਂ ਵਾਲੇ ਕੇਰਲਾ ਰਾਜ ਵਿੱਚ ਸਰਕਾਰ ਬਣਾ ਲੈਣ ਜਾਂ ਮੁੱਖ ਵਿਰੋਧੀ ਧਿਰ ਬਣ ਸਕਣ, ਪਰ ਆਪਣੀਆਂ ਸੀਟਾਂ ਵਧਾਉਣ ਲਈ ਉਹ ਆਪਣੇ ਵੱਲੋਂ ਕਸਰ ਨਹੀਂ ਰਹਿਣ ਦੇਣਾ ਚਾਹੁੰਦੇ। ਚੁਸਤ ਚਾਲਾਂ ਚੱਲਣ ਦੀ ਮਾਹਰ ਭਾਜਪਾ ਲੀਡਰਸ਼ਿਪ ਨੇ ਇਸ ਮਕਸਦ ਲਈ ਭਾਰਤ ਵਿੱਚ ਜ਼ਮੀਨਦੋਜ਼ ਰੇਲਵੇ ਲਾਈਨਾਂ ਵਾਲੇ ਮੀਟਰੋ ਪ੍ਰਾਜੈਕਟਾਂ ਨੂੰ ਸਿਰੇ ਚਾੜ੍ਹਨ ਦੇ ਮਾਹਰ ਨੂੰ ਟੋਹਿਆ ਅਤੇ ਉਸ ਨੇ ਕੇਰਲਾ ਦੇ ਲੋਕਾਂ ਨੂੰ ਤਕਨੀਕ ਦੇ ਪੱਖ ਤੋਂ ਤਰੱਕੀ ਵੱਲ ਲਿਜਾਣ ਦੇ ਸੁਫਨੇ ਵਿਖਾਉਣੇ ਸ਼ੁਰੂ ਕਰ ਦਿੱਤੇ ਹਨ।

ਸਭ ਤੋਂ ਤਿੱਖੀ ਲੜਾਈ ਇਸ ਵੇਲੇ ਪੱਛਮੀ ਬੰਗਾਲ ਵਿੱਚ ਚੱਲਦੀ ਪਈ ਹੈ, ਜਿੱਥੇ ਕਮਿਊਨਿਸਟ ਰਾਜ ਲੰਮਾ ਸਮਾਂ ਰਿਹਾ ਸੀ, ਪਰ ਤ੍ਰਿਣਮੂਲ ਕਾਂਗਰਸ ਨੂੰ ਕਾਂਗਰਸ ਦੀ ਸਿੱਧੀ ਹਮਾਇਤ ਤੇ ਭਾਜਪਾ ਦੀ ਅੰਦਰ-ਖਾਤੇ ਦੀ ਮਦਦ ਨਾਲ ਉਸ ਦਾ ਕਈ ਧਿਰਾਂ ਨੇ ਰਲ-ਮਿਲ ਕੇ ਅੰਤ ਕੀਤਾ ਸੀ। ਅੱਜ



ਕਮਿਊਨਿਸਟ ਓਥੇ ਏਡੀ ਤਾਕਤ ਨਹੀਂ ਕਿ ਰਾਜ-ਸੱਤਾ ਦੇ ਲਈ ਵੱਡੀਆਂ ਦਾਅਵੇਦਾਰ ਧਿਰਾਂ ਵਿੱਚ ਗਿਣੇ ਜਾਣ, ਸਗੋਂ ਭਾਜਪਾ ਦੀ ਮਦਦ ਨਾਲ ਉਨ੍ਹਾਂ ਨੂੰ ਹਰਾਉਣ ਵਾਲੀ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਵੀ ਇਸ ਵਕਤ ਬੜੇ ਮੁਸ਼ਕਲ ਹਾਲਾਤ ਵਿੱਚ ਹੈ। ਇੱਕ ਵੇਲੇ ਕਮਿਊਨਿਸਟ ਮੁੱਖ ਮੰਤਰੀ ਬੁੱਧਦੇਵ ਭੱਟਾਚਾਰੀਆ ਸਾਹਮਣੇ ਓਸੇ ਦੀ ਸਰਕਾਰ ਦਾ ਚੀਫ ਸੈਕਟਰੀ ਰਹਿ ਚੁੱਕੇ ਸਾਬਕਾ ਅਫਸਰ ਨੂੰ ਆਪਣਾ ਉਮੀਦਵਾਰ ਬਣਾ ਕੇ ਮਮਤਾ ਬੈਨਰਜੀ ਨੇ ਜਿਹੜਾ ਦਾਅ ਖੇਡਿਆ ਸੀ, ਇਸ ਵਾਰੀ ਉਹੋ ਦਾਅ ਭਾਜਪਾ ਉਸ ਦੇ ਰਾਜ ਵਾਲੇ ਅਫਸਰਾਂ ਨੂੰ ਖੜੇ ਕਰ ਕੇ ਖੇਡਣ ਲਈ ਚੱਕਾ ਬੰਨ੍ਹ ਚੁੱਕੀ ਹੈ। ਮਮਤਾ ਦੀ ਚੜ੍ਹਤ ਵੇਲੇ ਕਮਿਊਨਿਸਟਾਂ ਵਿਚਲੇ ਕਈ ਫਸਲੀ ਬਟੇਰੇ ਉਸ ਵੱਲ ਉਡਾਰੀਆਂ ਲਾਉਂਦੇ ਮਮਤਾ ਨੂੰ ਚੰਗੇ ਲੱਗਦੇ ਸਨ ਤੇ ਇਸ ਵਕਤ ਉਸ ਦੀ ਸਰਕਾਰ ਦੇ ਮੰਤਰੀ ਅਤੇ ਵਿਧਾਇਕ ਅਸਤੀਫੇ ਦੇ ਕੇ ਭਾਜਪਾ ਵੱਲ ਓਸੇ ਝਾਕ ਵਿੱਚ ਦੌੜਾਂ ਲਾ ਰਹੇ ਹਨ, ਜਿਹੜੀ ਝਾਕ ਉਨ੍ਹਾਂ ਨੂੰ ਮਮਤਾ ਵੱਲ ਲੈ ਕੇ ਗਈ ਸੀ। ਮੁਕਾਬਲਾ ਵੱਡਾ ਹੋਵੇ ਜਾਂ ਛੋਟਾ, ਉਸ ਵਿੱਚ ਇਹ ਗੱਲ ਅਸਰ ਪਾਉਂਦੀ ਹੈ ਕਿ ਮੈਚ ਦਾ ਰੈਫਰੀ ਕਿੰਨਾ ਨਿਰਪੱਖ ਹੈ ਅਤੇ ਜਿਹੜਾ ਕੁਝ ਕਮਿਊਨਿਸਟਾਂ ਦੇ ਰਾਜ ਦਾ ਭੱਠਾ ਬਿਠਾਉਣ ਲਈ ਓਦੋਂ ਦੇ ਚੋਣ ਅਧਿਕਾਰੀਆਂ ਨੇ ਕੀਤਾ ਸੀ, ਲੱਗਦਾ ਹੈ ਕਿ ਉਹੋ ਕੁਝ ਇਸ ਵਾਰ ਚੋਣ ਕਮਿਸ਼ਨ ਦੀ ਟੀਮ ਮਮਤਾ ਬੈਨਰਜੀ ਦੇ ਖਿਲਾਫ ਕਰਨ ਲਈ ਤਿਆਰ ਹੈ। ਚੋਣ ਤਰੀਕਾਂ ਦਾ ਐਲਾਨ ਇਹ ਦੱਸਣ ਲਈ ਕਾਫੀ ਹੈ ਕਿ ਭਾਜਪਾ ਨੇ ਆਪਣੇ ਆਗੂਆਂ ਦੇ ਜਲਸੇ ਕਰਵਾਉਣ ਲਈ ਜਿਹੜੇ ਦਿਨ ਪਹਿਲਾਂ ਤੈਅ ਕਰ ਲਏ ਸਨ, ਚੋਣ ਤਰੀਕਾਂ ਉਨ੍ਹਾਂ ਵਿੱਚ ਕਿਸੇ ਤਰ੍ਹਾਂ ਦਾ ਵਿਘਨ ਨਹੀਂ ਪੈਣ ਦੇਂਦੀਆਂ। ਇਸੇ ਤੋਂ ਕਈ ਲੋਕ ਇਹ ਗੱਲ ਕਹਿਣ ਤੱਕ ਚਲੇ ਜਾਂਦੇ ਹਨ ਕਿ ਜਿਵੇਂ ਅਰਨਬ ਗੋਸਵਾਮੀ ਨੂੰ ਭਾਰਤ ਸਰਕਾਰ ਵੱਲੋਂ ਇੱਕ ਦਿਨ ਪਿੱਛੋਂ ਚੁੱਕਣ ਵਾਲੇ ਕਦਮਾਂ ਦਾ ਇੱਕ ਦਿਨ ਪਹਿਲਾਂ ਪਤਾ ਹੁੰਦਾ ਸੀ, ਚੋਣ ਕਮਿਸ਼ਨ ਤੇ ਭਾਜਪਾ ਲੀਡਰਸ਼ਿਪ ਵਿੱਚ ਵੀ ਓਦਾਂ ਦੀ ਲੁਕਵੀਂ ਸਮਝਦਾਰੀ ਹੋ ਸਕਦੀ ਹੈ। ਇਸ ਲਈ ਮਮਤਾ ਨੂੰ ਮੁਕਾਬਲਾ ਭਾਜਪਾ ਦੇ ਨਾਲ-ਨਾਲ ਚੋਣ-ਮੈਚ ਦੇ ਰੈਫਰੀ ਨਾਲ ਵੀ ਕਰਨਾ ਪਵੇਗਾ।

ਰਿਕਾਰਡ ਦੱਸਦਾ ਹੈ ਕਿ ਕਮਿਊਨਿਸਟ ਆਗੂ ਬੁੱਧਦੇਵ ਭੱਟਾਚਾਰੀਆ ਦੀ ਬੇੜੀ ਡੋਬਣ ਲਈ ਨੰਦੀਗ੍ਰਾਮ ਦਾ ਗੋਲੀ ਕਾਂਡ ਗਿਣ-ਮਿਥ ਕੇ ਕੀਤਾ ਗਿਆ ਅਤੇ ਉਸ ਦੇ ਸਿਰ ਥੱਪਿਆ ਗਿਆ ਸੀ, ਜਿਸ ਦੀ ਬਾਅਦ ਦੀ ਪੜਤਾਲ ਤੋਂ ਸਾਬਤ ਹੋ ਗਿਆ ਕਿ ਉਸ ਵਿੱਚ ਕਮਿਊਨਿਸਟ ਮੁੱਖ ਮੰਤਰੀ ਦੀ ਝੂਠੀ ਬਦਨਾਮੀ ਕੀਤੀ ਗਈ ਸੀ। ਉਸ ਪਾਪ ਵਿੱਚ ਓਦੋਂ ਤ੍ਰਿਣਮੂਲ ਕਾਂਗਰਸ ਅਤੇ ਕਾਂਗਰਸ ਦੇ ਆਗੂਆਂ ਨਾਲ ਭਾਜਪਾ ਦੇ ਆਗੂ ਵੀ ਸ਼ਾਮਲ ਸਨ ਤੇ ਮਮਤਾ ਇਸ ਨਾਲ ਹੋਈ ਸੱਤਾ ਤਬਦੀਲੀ ਤੋਂ ਖੁਸ਼ ਸੀ, ਪਰ ਅੱਜ ਖੁਦ ਆਪਣੇ ਖਿਲਾਫ ਏਹੋ ਕੁਝ ਹੁੰਦਾ ਵੇਖ ਕੇ ਉਹ ਦੇਸ਼ ਦੇ ਲੋਕਾਂ ਮੂਹਰੇ ਦੁਹੱਥੜਾਂ ਮਾਰਨ ਵਰਗੀ ਦੁਹਾਈ ਪਾਉਂਦੀ ਫਿਰਦੀ ਹੈ। ਇੱਕ ਧਰਮ-ਨਿਰਪੱਖਤਾ ਪੰਡਿਤ ਨਹਿਰੂ ਦੇ ਸਮੇਂ ਹੁੰਦੀ ਸੀ, ਜਿਸ ਵਿੱਚ ਫਿਰਕੂ ਤਾਕਤਾਂ ਨਾਲ ਸਮਝੌਤੇ ਦੀ ਗੁੰਜਾਇਸ਼ ਨਹੀਂ ਸੀ। ਦੂਸਰੀ ਅਰਧ-ਨਿਰਪੱਖਤਾ ਇੰਦਰਾ ਗਾਂਧੀ ਦੇ ਵਕਤ ਸੀ, ਜਿਸ ਵਿੱਚ ਲੋੜ ਜੋਗੀ ਫਿਰਕਾਪ੍ਰਸਤੀ ਨੂੰ ਕਾਇਮ ਰੱਖ ਕੇ ਰਾਜਨੀਤੀ ਲਈ ਵਰਤਣ ਦਾ ਕੰਮ ਸ਼ੁਰੂ ਹੋਇਆ ਸੀ। ਤੀਸਰੀ ਲੀਹੋਂ ਲੱਥੀ ਰਾਜਨੀਤੀ ਰਾਜੀਵ ਗਾਂਧੀ ਦੀ ਸੀ, ਜਿਸ ਨੇ ਥੋੜ੍ਹ-ਚਿਰੇ ਲਾਭਾਂ ਲਈ ਇਸ ਕਿਸਮ ਦੇ ਤੱਤਾਂ ਨੂੰ ਆਪਣੇ ਨਾਲ ਲਾਇਆ ਅਤੇ ਵਰਤਿਆ ਸੀ, ਜਿਹੜੇ ਬਾਅਦ ਵਿੱਚ ਉਸ ਦੀ ਔਲਾਦ ਅਤੇ ਉਸ ਦੀ ਪਾਰਟੀ ਵਾਸਤੇ ਵੀ ਜੜ੍ਹਾਂ ਨੂੰ ਲੱਗੀ ਸਿਉਂਕ ਸਾਬਤ ਹੋਏ ਸਨ। ਮਮਤਾ ਬੈਨਰਜੀ ਕਿਉਂਕਿ ਰਾਜੀਵ ਗਾਂਧੀ ਦੇ ਦੌਰ ਵਾਲੀ ਰਾਜਨੀਤੀ ਦੌਰਾਨ ਪਾਰਲੀਮੈਂਟ ਦੀਆਂ ਪੌੜੀਆਂ ਚੜ੍ਹੀ ਸੀ, ਇਸ ਕਾਰਨ ਉਹ ਵੀ ਸੱਤਾ ਖਾਤਰ ਰਾਜੀਵ ਗਾਂਧੀ ਵਾਲੀ ਲੀਹੇ ਪਈ ਰਹੀ, ਪਰ ਜਦੋਂ ਉਸ ਰਾਜ ਦੀ ਸੱਤਾ ਸੰਭਾਲਣ ਦੇ ਬਾਅਦ ਖੁਦ ਉਸ ਨੂੰ ਉਹੀ ਤਾਕਤਾਂ ਅੱਖਾਂ ਦਿਖਾਉਣ ਲੱਗ ਪਈਆਂ ਤਾਂ ਉਨ੍ਹਾਂ ਦੇ ਟਾਕਰੇ ਲਈ ਉਨ੍ਹਾਂ ਕਮਿਊਨਿਸਟਾਂ ਨੂੰ ਵੀ ਹਾਕਾਂ ਮਾਰਨ ਲੱਗ ਪਈ ਸੀ, ਜਿਨ੍ਹਾਂ ਨਾਲ ਕਦੀ ਉਸ ਨੇ ਭਲੀ ਨਹੀਂ ਸੀ ਗੁਜ਼ਾਰੀ।

ਅੱਜ ਦੇ ਦੌਰ ਵਿੱਚ ਜਦੋਂ ਸਾਰੇ ਦੇਸ਼ ਦੇ ਲੋਕਾਂ ਦਾ ਧਿਆਨ ਪੱਛਮੀ ਬੰਗਾਲ ਵਿਚਲੇ ਚੋਣ ਘੋਲ ਵੱਲ ਲੱਗਾ ਪਿਆ ਹੈ, ਬਹੁਤ ਸਾਰੇ ਲੋਕ ਇਸ ਘੋਲ ਵਿੱਚ ਮਮਤਾ ਦੀ ਜਿੱਤ ਇਸ ਕਾਰਨ ਚਾਹੁੰਦੇ ਹਨ ਕਿ ਉਹ ਭਾਜਪਾ ਦੀ ਰਾਜਨੀਤੀ ਨੂੰ ਪਸੰਦ ਨਹੀਂ ਕਰਦੇ, ਪਰ ਜਿਸ ਘੁੰਮਣਘੇਰੀ ਵਿੱਚ ਮਮਤਾ ਨੇ ਖੁਦ ਨੂੰ ਫਸਾ ਲਿਆ ਹੈ, ਉਹ ਵੀ ਸਾਰਿਆਂ ਨੂੰ ਪਤਾ ਹੈ। ਬਿਹਾਰ ਦੇ ਲੋਕਾਂ ਨੇ ਇੱਕ ਸਮੇਂ ਨਿਤੀਸ਼ ਕੁਮਾਰ ਨੂੰ ਧਰਮ-ਨਿਰਪੱਖਤਾ ਦਾ ਝੰਡਾ-ਬਰਦਾਰ ਹੋਣ ਦਾ ਮਾਣ ਬਖਸ਼ਿਆ ਸੀ, ਉਹ ਇਸ ਦੇ ਕਾਬਲ ਨਹੀਂ ਨਿਕਲਿਆ ਤੇ ਭਾਜਪਾ ਦਾ ਪਿਛਲੱਗ ਬਣ ਕੇ ਰਹਿ ਗਿਆ ਸੀ। ਸੱਤਾ ਖਾਤਰ ਜਿਸ ਨੇ ਵੀ ਕਦੇ ਏਦਾਂ ਦੀ ਟਪੂਸੀ ਮਾਰੀ ਹੈ, ਉਸ ਨਾਲ ਭਲੀ ਨਹੀਂ ਗੁਜ਼ਰੀ। ਮਮਤਾ ਦਾ ਕੀ ਹੋਵੇਗਾ, ਕਹਿ ਸਕਣਾ ਔਖਾ ਹੈ। ਕਹਿੰਦੇ ਹਨ ਕਿ ਬੰਦਾ ਪ੍ਰਾਪਤੀਆਂ ਤੋਂ ਵੱਧ ਗਲਤੀਆਂ ਅਤੇ ਭੁੱਲਾਂ ਤੋਂ ਸਿੱਖਦਾ ਹੈ, ਪਰ ਸਿੱਖਣ ਲਈ ਖੁਦ ਗਲਤੀਆਂ ਕਰਨਾ ਜ਼ਰੂਰੀ ਨਹੀਂ ਹੁੰਦਾ। ਨਿਤੀਸ਼ ਵਰਗਿਆਂ ਦੀ ਗਲਤੀ ਤੋਂ ਮਮਤਾ ਸਿੱਖ ਸਕਦੀ ਸੀ, ਪਰ ਅਫਸੋਸ ਕਿ ਉਹ ਸਿੱਖ ਨਹੀਂ ਸਕੀ।

# ਅਜਿਹਾ ਕੀ ਹੈ, ਜੋ ਮਰਦਾਂ ਨੂੰ ਸ਼ਾਕਾਹਾਰੀ ਬਣਨ ਤੋਂ ਰੋਕਦਾ ਹੈ

-ਮੇਨਕਾ ਗਾਂਧੀ-

ਜਦੋਂ ਮੈਂ ਫੌਜ ਦੇ ਛਾਉਣੀ ਇਲਾਕਿਆਂ ਵਿੱਚ ਵੱਡੀ ਹੋ ਰਹੀ ਸੀ, ਤਾਂ ਸਾਡੇ ਖਾਣੇ ਦੀ ਮੇਜ਼ ਉੱਤੇ ਮਾਸ ਰੋਜ਼ ਹੁੰਦਾ ਸੀ। ਇਹ ਮੰਨ ਲਿਆ ਗਿਆ ਕਿ ਫੌਜੀ ਮਾਸ ਖਾਂਦੇ ਹਨ, ਕਿਉਂਕਿ 'ਅਸਲੀ' ਮਰਦ ਸਨ। ਮੇਰੇ ਦਾਦਾ ਜੀ ਦੇ ਘਰ ਵਿੱਚ ਸਾਰੀਆਂ ਔਰਤਾਂ ਸ਼ਾਕਾਹਾਰੀ ਸਨ, ਪਰ ਦਾਦਾ ਜੀ ਭੋਜਨ ਵਿੱਚ ਦੋਵੇਂ ਸਮੇਂ ਮਾਸ ਖਾਂਦੇ ਹੁੰਦੇ ਸਨ ਅਤੇ ਸ਼ਾਕਾਹਾਰੀ ਔਰਤਾਂ ਉਨ੍ਹਾਂ ਲਈ ਮਾਸ ਬਣਾਉਂਦੀਆਂ ਸਨ। ਜਦੋਂ ਮੈਂ ਸ਼ਾਕਾਹਾਰੀ ਬਣ ਗਈ ਤਾਂ ਮੈਨੂੰ ਕਈ ਮਰਦਾਂ ਤੋਂ ਇਹ ਸੁਣਨਾ ਪਿਆ ਕਿ ਉਹ 'ਘਾਹ-ਫੂਸ' ਤੋਂ ਕਿਵੇਂ ਬਚਦੇ ਹਨ। ਮੈਂ ਕਦੇ ਕਿਸੇ ਔਰਤ ਤੋਂ ਇਹ ਬਕਵਾਸ ਨਹੀਂ ਸੁਣੀ।

ਜੈਪੁਰ ਦੀ ਯਾਤਰਾ ਦੌਰਾਨ ਮੈਂ ਸੇਬੀ (ਸਕਿਓਰਟੀਜ਼ ਐਂਡ ਐਕਸਚੇਂਜ ਬੋਰਡ) ਦੇ ਸਾਬਕਾ ਮੁਖੀ ਅਤੇ ਜੈਪੁਰ ਫੁਟ ਅੰਦੋਲਨ ਦੇ ਸੰਸਥਾਪਕ ਡਾ. ਮਹਿਤਾ ਦੇ ਨਾਲ ਦੁਪਹਿਰ ਦਾ ਭੋਜਨ ਕੀਤਾ। ਜਦੋਂ ਮੈਂ ਕੜ੍ਹੀ ਖਾਧੀ ਤਾਂ ਬੁਰੀ ਤਰ੍ਹਾਂ ਹੈਰਾਨ ਹੋ ਗਈ। ਇਸ ਦਾ ਸਵਾਦ ਮਾਸ ਵਰਗਾ ਸੀ। ਮੇਰੇ ਮੇਜ਼ਬਾਨ ਨੇ ਪਕਵਾਨ ਦੀ ਉਤਪਤੀ ਤੇ ਉਨ੍ਹਾਂ ਨੇ ਇਸ ਨੂੰ ਮੇਰੇ ਲਈ ਮੁੱਖ ਤੌਰ ਉੱਤੇ ਕਿਉਂ ਤਿਆਰ ਕੀਤਾ, ਇਸ ਬਾਰੇ ਦੱਸਿਆ। ਦੋ ਸਦੀਆਂ ਪਹਿਲਾਂ ਇੱਕ ਰਿਸ਼ੀ ਨੇ ਰਾਜਸਥਾਨ ਦੇ ਸ਼ਾਹੀ ਘਰਾਣੇ ਦੀਆਂ ਔਰਤਾਂ ਨੂੰ ਸ਼ਾਕਾਹਾਰੀ ਬਣਾ ਦਿੱਤਾ, ਪਰ ਕਿਉਂਕਿ ਮਰਦ ਲੋਕ ਸ਼ਿਕਾਰ, ਲੜਾਈ ਅਤੇ ਮਾਸ ਖਾਣ ਬਾਰੇ ਅੜੇ ਸਨ, ਔਰਤਾਂ ਨੇ ਚੁਪਕੇ ਜਿਹੇ ਕਣਕ ਅਤੇ ਘਿਉ ਨਾਲ ਭੋਜਨ ਬਣਾਇਆ, ਜਿਸ ਦਾ ਸਵਾਦ ਬਿਲਕੁਲ ਮਾਸ ਵਾਂਗ ਸੀ। ਇੱਕੋ ਸਮੱਸਿਆ ਇਹ ਸੀ ਕਿ ਇਸ ਨੂੰ ਬਣਾਉਣ ਵਿੱਚ ਕਈ ਘੰਟੇ ਲੱਗਦੇ ਹਨ, ਇਸ ਲਈ ਇਹ ਅੱਜਕੱਲ੍ਹ ਦੁਰਲੱਭ ਹੈ।

ਭੋਜਨ ਅਤੇ ਲਿੰਗ ਨੂੰ ਇੱਕ ਦੂਸਰੇ ਨਾਲ ਮਿਲਾਇਆ ਜਾਂਦਾ ਰਿਹਾ ਅਤੇ ਇਹ ਅੱਜ ਵੀ ਜਾਰੀ ਹੈ। ਇਹ 'ਤੁਸੀਂ ਜੋ ਖਾਂਦੇ ਹੋ ਉਹੀ ਹੈ' ਦੇ ਮੁਕਾਬਲੇ 'ਤੁਸੀਂ ਉਹੀ ਖਾਂਦੇ ਹੋ, ਜੋ ਤੁਸੀਂ ਹੋ' ਵੱਧ ਹੈ। ਔਰਤਾਂ ਤੋਂ ਦਿਆਲੂ ਅਤੇ ਸਦਾਚਾਰੀ ਹੋਣ ਦੀ ਆਸ ਕੀਤੀ ਜਾਂਦੀ ਹੈ, ਇਸ ਲਈ ਬੈਂਗਨ ਅਤੇ ਸ਼ਾਕਾਹਾਰ ਨੂੰ ਇਸਤਰੀ ਵਜੋਂ ਦੇਖਿਆ ਜਾਂਦਾ ਹੈ। ਮਰਦਾਂ ਨੂੰ ਮਜ਼ਬੂਤ ਅਤੇ ਸਖ਼ਤ ਰੂਪ ਵਿੱਚ ਪੇਸ਼ ਕੀਤਾ ਗਿਆ ਹੈ, ਇਸ ਲਈ ਮਾਸ ਖਾਣਾ ਮਰਦਾਨਾ ਹੈ।

ਹਰ ਕੋਈ ਜਾਣਦਾ ਹੈ ਕਿ ਮਾਸ ਖਾਣਾ ਸਿਹਤ ਅਤੇ ਮਨੁੱਖਤਾ, ਵਾਤਾਵਰਣ, ਅਰਥਵਿਵਸਥਾ ਅਤੇ ਜਾਨਵਰਾਂ ਲਈ ਬੁਰਾ ਹੈ। ਕੋਵਿਡ ਵਿਸ਼ਵ ਮਹਾਮਾਰੀ ਉਪਰੋਕਤ ਸਭ ਦਾ ਇੱਕ ਚੰਗਾ ਸੂਚਕ ਹੈ ਅਤੇ ਮਾਸ ਖਾਣ ਬਾਰੇ ਯਕੀਨੀ ਤੌਰ ਉੱਤੇ ਕਮੀ ਆਈ ਹੈ, ਪਰ ਤਰਕ ਸੰਗਤ ਰੂਪ ਨਾਲ ਇਹ ਖਤਮ ਹੋਣਾ ਚਾਹੀਦਾ ਸੀ। ਪ੍ਰੇਸ਼ਾਨੀ ਇਹ ਹੈ ਕਿ ਸਿਰਫ ਸ਼ਾਕਾਹਾਰੀ ਭੋਜਨ ਦੇ ਲਾਭਾਂ ਬਾਰੇ ਜਾਣਕਾਰੀ ਆਧਾਰਤ ਅਪੀਲ ਕਰਨ ਨਾਲ ਪਹਿਲੇ ਕਾਰਨ ਦੀ ਅਣਦੇਖੀ ਹੁੰਦੀ ਹੈ ਕਿ ਮਰਦ ਮਾਸ ਕਿਉਂ ਖਾਂਦੇ ਹਨ, ਇਹ ਉਨ੍ਹਾਂ ਨੂੰ 'ਅਸਲੀ' ਮਰਦਾਂ ਵਾਂਗ ਮਹਿਸੂਸ ਕਰਾਉਂਦਾ ਹੈ ਅਤੇ 'ਅਸਲੀ' ਮਰਦ ਜੋ ਚਾਹੁਣ, ਜਦੋਂ ਚਾਹੁਣ ਅਤੇ ਜਿਥੇ ਚਾਹੁਣ, ਉਹ ਖਾਣ ਦੇ ਹੱਕਦਾਰ ਹਨ। ਨਤੀਜਿਆਂ ਉੱਤੇ ਲਾਹਨਤ ਹੈ।

'ਸ਼ਿਕਾਰੀ' ਵਜੋਂ ਇਤਿਹਾਸਕ ਮਨੁੱਖ ਦੀ ਅੰਤਿਮ ਵਿਰਾਸਤ ਮਾਸ ਖਾਣਾ ਹੈ। ਆਦਮੀ ਅੱਜ ਪਲਾਸਟਿਕ ਦੇ ਖਿਡੌਣੇ ਵੇਚਣ ਵਾਲਾ ਆਲਸੀ ਜਾਂ ਗੋਗੜ ਵਾਲਾ ਦੁਕਾਨਦਾਰ ਹੋ ਸਕਦਾ ਹੈ ਅਤੇ ਮਾਸ ਸਸਤਾ, ਸੁਪਰ ਮਾਰਕੀਟ ਦੀ ਸੈਨੇਟਾਈਜ਼ਡ ਸਲੈਬ ਵਿੱਚ ਵੇਚਿਆ ਜਾਂਦਾ ਹੋਵੇਗਾ, ਪਰ ਆਪਣੇ ਦਿਮਾਗ ਵਿੱਚ ਉਹ ਪਰਮ ਪੁਰਸ਼ ਹੈ, ਜੋ ਆਪਣੇ ਕਾਂਟੇ ਨੂੰ ਮੋਟੀ ਸਟੀਕ ਵਿੱਚ ਦਾਖਲ ਕਰਕੇ ਆਪਣੀ ਮਰਦਾਨਗੀ ਸਾਬਿਤ ਕਰਦਾ ਹੈ। ਇਹ ਵਿਚਾਰ ਇੰਨਾ ਵੱਧ ਡੂੰਘਾ ਬੈਠਿਆ ਹੈ ਕਿ ਹਵਾਈ ਯੂਨੀਵਰਸਿਟੀ ਦੀ ਖੋਜ ਅਨੁਸਾਰ ਮਰਦ ਅਕਸਰ ਉਨ੍ਹਾਂ ਹਾਲਤਾਂ ਵਿੱਚ ਵੱਧ ਮਾਸ ਖਾਂਦੇ ਹਨ, ਜਿਥੇ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੀ ਮਰਦਾਨਗੀ ਖਤਰੇ ਵਿੱਚ ਹੈ। ਏਸੇ ਲਈ ਜਦੋਂ ਤੱਕ ਮੈਂ ਇਸ ਨੂੰ ਰੋਕਿਆ ਨਹੀਂ, ਉਦੋਂ ਤੱਕ ਜ਼ਿੰਦਾ ਜਾਨਵਰਾਂ ਨੂੰ ਜਹਾਜ਼ ਰਾਹੀਂ ਫੌਜ ਦੇ ਸਰਹੱਦੀ ਇਲਾਕਿਆਂ ਵਿੱਚ ਸੁੱਟਿਆ ਜਾਂਦਾ ਸੀ ਤਾਂ ਕਿ ਉਨ੍ਹਾਂ ਨੂੰ ਤਾਜ਼ਾ ਮਾਸ ਮਿਲ ਸਕੇ।

ਆਪਣੀ ਕਿਤਾਬ 'ਦਿ ਸੈਕਸੂਅਲ ਪਾਲਿਟਿਕਸ ਆਫ ਮੀਟ' ਵਿੱਚ ਕੈਰੋਲ ਐਡਮਸ ਦੱਸਦੀ ਹੈ ਕਿ ਕਿਵੇਂ ਮੀਡੀਆ ਨੇ ਵਿਕਰੀ ਨੂੰ ਵਧਾਉਣ ਲਈ ਮਰਦਾਨਗੀ ਦੇ ਸੰਕੇਤ ਵਜੋਂ ਮਾਸ ਦੀ ਮਾਰਕੀਟਿੰਗ ਕੀਤੀ ਹੈ। ਅਸੀਂ ਸਭ ਨੇ ਉਸ ਵਿਚਾਰ ਨੂੰ ਵੇਚਣ ਵਾਲੇ ਅਤਿ-ਆਧੁਨਿਕ ਸੈਕਸੀ ਇਸ਼ਤਿਹਾਰਾਂ ਨੂੰ ਦੇਖਿਆ ਹੈ। ਚਲਾਕ ਮਾਰਕੀਟਿੰਗ ਤੋਂ ਇਲਾਵਾ ਭਰਮਾਊ ਡਾਕਟਰੀ ਸਿਧਾਂਤ ਮਾਸ ਉੱਤੇ ਪ੍ਰੋਟੀਨ ਦੇ ਮੁੱਢਲੇ ਸਰੋਤ ਦੇ ਰੂਪ ਵਿੱਚ ਜ਼ੋਰ ਦਿੰਦੇ ਹਨ, ਜੋ ਤਾਕਤ ਨਾਲ ਜੁੜਿਆ ਹੋਇਆ ਹੈ, ਜਿਸ ਨੂੰ ਮਰਦਾਨਾ ਰੂਪ ਵਿੱਚ ਦੇਖਿਆ ਜਾਂਦਾ ਹੈ।

ਇਹ ਗਲਤ ਧਾਰਨਾ ਵੀ ਹੈ ਕਿ ਮਰਦਾਨਗੀ ਲਈ ਖਤਰੇ ਲੈਣ (ਖਤਰਨਾਕ ਡਰਾਈਵਿੰਗ, ਬਹੁਤ ਜ਼ਿਆਦਾ ਸ਼ਰਾਬ ਪੀਣ) ਦੀ ਲੋੜ ਹੁੰਦੀ ਹੈ, ਇਸ ਲਈ ਗੈਰ-ਸਿਹਤਮੰਦ ਭੋਜਨ ਤੇ ਮਰਦਾਨਗੀ ਵਿਚਾਲੇ ਸਬੰਧ ਹੈ; ਜੇ ਤੁਸੀਂ ਇੱਕ ਅਸਲ ਵਿਅਕਤੀ ਹੋ ਤਾਂ ਤੁਹਾਨੂੰ ਆਪਣੀ ਸਿਹਤ ਬਾਰੇ ਚਿੰਤਤ ਨਹੀਂ ਹੋਣਾ ਚਾਹੀਦਾ। ਕਈ ਅਧਿਐਨਾਂ ਵਿੱਚ ਪਾਇਆ ਗਿਆ ਕਿ ਵੱਧ ਭੋਜਨ ਤੇ ਗੈਰ-ਸਿਹਤਮੰਦ ਭੋਜਨ ਨੂੰ ਵੱਧ ਮਰਦਾਨਾ ਮੰਨਿਆ ਜਾਂਦਾ ਹੈ, ਜਦ ਕਿ ਸਿਹਤਮੰਦ ਭੋਜਨ ਅਤੇ ਘੱਟ ਹਿੱਸੇ ਨੂੰ ਜ਼ਿਆਦਾ ਜ਼ਨਾਨਾ ਮੰਨਿਆ ਜਾਂਦਾ ਹੈ।

ਅਜਿਹਾ ਕੀ ਹੈ ਜੋ ਮਰਚਾਂ ਨੂੰ ਸ਼ਾਕਾਹਾਰੀ ਬਣਨ ਤੋਂ ਰੋਕਦਾ ਹੈ? ਸਮਾਜਿਕ ਚਿੰਤਾ। ਵਿਰੋਧਾਭਾਸੀ ਰੂਪ ਤੋਂ ਇਹ ਅਖੌਤੀ 'ਅਸਲੀ ਮਰਦ' ਅਸਲ ਵਿੱਚ ਇਸਤਰੀ ਵਰਗਾ ਐਲਾਨੇ ਜਾਣ ਦੇ ਡਰ ਤੋਂ ਮਾਸ ਛੱਡਣ ਤੋਂ ਡਰਦੇ ਹਨ। ਮਰਦਾਂ ਲਈ ਕੀਤੇ ਗਏ ਟਵਿਟਰ ਪੋਲ ਵਿੱਚ 45 ਫੀਸਦੀ ਜਵਾਬ ਦੇਣ ਵਾਲਿਆਂ ਨੇ ਇੱਕ ਵੈਸ਼ਨੂੰ ਭੋਜਨ ਨੂੰ ਅਪਨਾਉਣ ਲਈ ਆਪਣੀ ਸਭ ਤੋਂ ਵੱਡੀ ਰੁਕ-ਾਵਟ ਦੀ ਦੱਸੀ, ਜੋ ਸਮਾਜਿਕ ਕਲੰਕ ਸੀ, ਬਾਹਰੀ ਦੁਨੀਆ ਵਿੱਚ ਸੀਮਤ ਬਦਲਾਂ ਨਾਲ 'ਬੀਟਾ ਮਰਦ' ਕਹੇ ਜਾਣ ਦਾ ਡਰ, ਜਿਸ ਵਿੱਚ 'ਕਾਫੀ ਘੱਟ ਟੈਸਟੋਸਟੇਰੋਨ ਦਾ ਪੱਧਰ', 'ਜੀਵ ਜੋ ਮਾਸ ਨਹੀਂ ਖਾਂਦੇ, ਉਹ ਮਰਦ ਨਹੀਂ, ਤੁਛ ਜੀਵ ਹਨ', 'ਭੋਲੇ-ਭਾਲੇ ਔਰਤਾਂ ਵੱਲੋਂ ਕੰਟਰੋਲਡ, ਜਿਨ੍ਹਾਂ ਕੋਲ ਔਰਤਾਂ ਵਾਲੀਆਂ ਵਿਸ਼ੇਸ਼ਤਾਵਾਂ ਹਨ', ਅਜਿਹੇ ਲੋਕ ਜੋ 'ਸ਼ਿਕਾਰ ਕਰਨ ਅਤੇ ਉਸ ਨੂੰ ਇਕੱਠਾ ਕਰਨ ਜੋਗੇ ਨਹੀਂ' ਅਤੇ 'ਸੋਇਆਬੀਨ, ਘੱਟ ਟੈਸਟੋਸਟੇਰੋਨ ਵਾਲੇ ਫੇਮਿਨਿਸਟ' ਆਦਿ ਕਹੇ ਜਾਣ ਦਾ ਡਰ। ਚੰਗੀ ਖ਼ਬਰ ਇਹ ਹੈ ਕਿ ਵਧਦੀ ਹੋਈ ਵੀਂ ਸੰਵੇਦਨਸ਼ੀਲਤਾ ਇਨ੍ਹਾਂ ਪੁਰਾਣੀਆਂ ਰੂੜੀਆਂ ਨੂੰ ਦ੍ਰਿੜ੍ਹਤਾ ਨਾਲ ਚੁਣੌਤੀ ਦਿੰਦੀ ਹੈ।

ਬਿਹਤਰ ਸਿੱਖਿਆ ਨਾਲ ਮਰਦਪੁਣੇ ਦੀ ਵੱਧ ਪ੍ਰਮਾਣਿਕ ਸਮਝ ਪੈਦਾ ਹੋ ਰਹੀ ਹੈ। ਇੱਕ ਹਾਲੀਆ ਅਧਿਐਨ ਵਿੱਚ ਪਤਾ ਲੱਗਾ ਕਿ ਜਿਹੜੇ ਮਰਦ ਵੱਧ ਪੜ੍ਹੇ-ਲਿਖੇ ਸਨ, ਉਹ ਆਮ ਤੌਰ ਉੱਤੇ ਘੱਟ ਮਾਸ ਖਾਂਦੇ ਸਨ। ਜਿਨ੍ਹਾਂ ਨੇ ਮਰਦਾਨਗੀ ਲਈ ਨਵੇਂ ਜਾਂ ਵੱਧ ਪ੍ਰਗਤੀਸ਼ੀਲ ਵਿਚਾਰਾਂ ਨੂੰ ਆਪਣਾਇਆ, ਉਨ੍ਹਾਂ ਦੀ ਮਾਸ ਵਿੱਚ ਘੱਟ ਲਗਨ, ਮਾਸ ਦੀ ਖਪਤ ਘੱਟ ਕਰਨ ਦੀ ਵੱਧ ਇੱਛਾ ਅਤੇ ਸ਼ਾਕਾਹਾਰੀਆਂ ਦੇ ਪ੍ਰਤੀ ਵੱਧ ਹਾਂ-ਪੱਖੀ ਦ੍ਰਿਸ਼ਟੀਕੋਣ ਦੇ ਨਾਲ ਹਾਂ-ਪੱਖੀ ਸੰਬੰਧ ਸਨ।

# ਧੀ ਦਾ ਜੱਦੀ ਜਾਇਦਾਦ ਉੱਤੇ ਕਾਨੂੰਨੀ ਹੱਕ

-ਜਸ਼ਨਦੀਪ ਤਰੀਕਾ

ਜਾਇਦਾਦਾਂ ਦਾ ਵਾਦ-ਵਿਵਾਦ ਸਦੀਆਂ ਤੋਂ ਚੱਲ ਰਿਹਾ ਹੈ। ਜੱਦੀ ਜਾਇਦਾਦ ਜਾਂ ਕਿਸੇ ਵਿਅਕਤੀ ਦੀ ਖੁਦ ਕਮਾਈ ਜਾਇਦਾਦ ਦਾ ਕੌਣ-ਕੌਣ ਹੱਕਦਾਰ ਹੋਵੇਗਾ, ਇਹ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ। ਆਜ਼ਾਦੀ ਤੋਂ ਪਹਿਲਾਂ ਜਾਇਦਾਦ ਦੇ ਵਾਦ-ਵਿਵਾਦ ਦੇ ਨਿਬੇੜੇ ਦਾ ਕੋਈ ਖਾਸ ਕਾਨੂੰਨ ਨਹੀਂ ਸੀ। ਆਜ਼ਾਦੀ ਤੋਂ ਬਾਅਦ ਇਨ੍ਹਾਂ ਵਿਵਾਦਾਂ ਨੂੰ ਦੂਰ ਕਰਨ ਲਈ 1956 ਵਿੱਚ ਹਿੰਦੂ ਵਿਰਾਸਤ ਐਕਟ ਬਣਿਆ। ਇਹ ਐਕਟ ਹਿੰਦੂ ਪਰਵਾਰਾਂ ਉਪਰ ਲਾਗੂ ਹੁੰਦਾ ਹੈ, ਪਰ ਇਸ ਦੇ ਲਈ ਕਿਸ-ਕਿਸ ਨੂੰ ਹਿੰਦੂ ਮੰਨਿਆ ਜਾਵੇਗਾ, ਉਹ ਇਸ ਐਕਟ ਦੀ ਧਾਰਾ ਦੋ ਵਿੱਚ ਲਿਖਿਆ ਹੈ।

ਜਦੋਂ ਰੋਜ਼ਾਨਾ ਜ਼ਿੰਦਗੀ ਵਿੱਚ ਅਸੀਂ 'ਹਿੰਦੂ' ਸ਼ਬਦ ਸੁਣਦੇ ਜਾਂ ਪੜ੍ਹਦੇ ਹਾਂ ਤਾਂ ਸਿਰਫ ਹਿੰਦੂ ਧਰਮ ਮੰਨਣ ਵਾਲਿਆਂ ਨੂੰ ਹਿੰਦੂ ਮੰਨਦੇ ਹਾਂ, ਜਦ ਕਿ ਇਸ ਐਕਟ ਅਨੁਸਾਰ 'ਹਿੰਦੂ' ਸ਼ਬਦ ਦੀ ਪਰਿਭਾਸ਼ਾ ਸਿਰਫ ਹਿੰਦੂ ਧਰਮ ਮੰਨਣ ਵਾਲਿਆਂ ਤੱਕ ਸੀਮਿਤ ਨਹੀਂ, ਕਈ ਹੋਰਨਾਂ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਨੂੰ ਵੀ ਇਸ ਐਕਟ ਲਈ ਹਿੰਦੂ ਮੰਨਿਆ ਗਿਆ ਹੈ, ਜਿਵੇਂ ਸਿੱਖ, ਬੁੱਧ, ਜੈਨ ਆਦਿ। ਇਸ ਦਾ ਮਤਲਬ ਇਹ ਹੈ ਕਿ ਇਨ੍ਹਾਂ ਧਰਮਾਂ ਵਾਲੇ ਲੋਕਾਂ ਉਪਰ ਵੀ ਇਹ ਐਕਟ ਲਾਗੂ ਹੁੰਦਾ ਹੈ। ਇਸ ਐਕਟ ਅਨੁਸਾਰ ਜੱਦੀ ਜਾਇਦਾਦ ਵਿੱਚ ਸਿਰਫ ਪੁੱਤ, ਪੋਤਰੇ ਅਤੇ ਪੜਪੋਤਰੇ ਦਾ ਹੱਕ ਸੀ। ਇਸ ਦਾ ਮਤਲਬ ਵਿਰਾਸਤ ਸਿਰਫ ਮਰਦਾਂ ਤੋਂ ਬਣਦੀ ਸੀ। ਇੰਗਲਿਸ਼ ਦਾ ਸ਼ਬਦ ਕੋਪਾਰਨੇਸਰੀ ਉਸ ਵਿਅਕਤੀ ਲਈ ਵਰਤਿਆ ਜਾਂਦਾ ਹੈ, ਜਿਸ ਨੂੰ ਜਨਮ ਕਾਰਨ ਪਰਵਾਰ ਦੀ ਜਾਇਦਾਦ ਦਾ ਹੱਕ ਮਿਲਦਾ ਹੈ। ਸੰਨ 2005 ਵਿੱਚ ਇਸ ਐਕਟ ਦੀ ਧਾਰਾ ਛੇ ਵਿੱਚ ਸੋਧ ਕੀਤੀ ਕਰ ਕੇ ਧੀ ਨੂੰ ਵੀ ਪੁੱਤਰ ਵਾਂਗ ਕੋਪਾਰਸੇਨਰ ਬਣਾਇਆ ਗਿਆ ਤੇ ਉਸ ਨੂੰ ਜੱਦੀ ਜਾਇਦਾਦ ਵਿੱਚ ਹੱਕ ਦਿੱਤਾ ਗਿਆ। ਇਸ ਐਕਟ ਅਨੁਸਾਰ ਧੀ ਨੂੰ ਆਪਣੇ ਪਿਤਾ ਦੀ ਖੁਦ ਕਮਾਈ ਜਾਇਦਾਦ ਵਿੱਚ 1956 ਤੋਂ ਹੱਕ ਹੈ, ਜੇ ਉਸ ਦਾ ਪਿਤਾ ਬਿਨਾਂ ਵਸੀਅਤ ਲਿਖੇ ਮਰ ਜਾਂਦਾ ਹੈ, ਕਿਉਂਕਿ ਧੀ ਹਿੰਦੂ ਵਿਰਾਸਤ ਐਕਟ ਵਿੱਚ ਦਿੱਤੀ ਸੂਚੀ ਦੀ ਪਹਿਲੀ ਸ਼੍ਰੇਣੀ ਵਿੱਚ ਹੈ। ਇਸ ਸ਼੍ਰੇਣੀ ਵਿਚਲੇ ਸਾਰੇ ਲੋਕ ਮਰ ਗਏ ਵਿਅਕਤੀ ਦੀ ਜਾਇਦਾਦ ਦੇ ਬਰਾਬਰ ਦੇ ਹੱਕਦਾਰ ਹੁੰਦੇ ਹਨ।

ਸੰਨ 2005 ਵਿੱਚ ਹੋਈ ਸੋਧ ਧੀ ਨੂੰ ਪਿਤਾ ਪੁਰਖੀ ਜਾਇਦਾਦ (ਜੱਦੀ ਜਾਇਦਾਦ) ਵਿੱਚ ਹੱਕ ਦੇਣ ਬਾਰੇ ਹੈ। ਇਹ ਮਿਤੀ 9 ਸਤੰਬਰ 2005 ਤੋਂ ਲਾਗੂ ਇਸ ਸੋਧ ਅਨੁਸਾਰ ਧੀ ਦਾ ਪੁੱਤਰ ਵਾਂਗ ਪਿਤਾ ਦੀ ਜੱਦੀ ਜਾਇਦਾਦ ਵਿੱਚ ਬਰਾਬਰ ਦਾ ਹੱਕ ਹੈ, ਪਰ ਇਸ ਸੋਧ ਵਿੱਚ ਇਹ ਸਾਫ ਨਹੀਂ ਕੀਤਾ ਗਿਆ ਕਿ 2005 ਤੋਂ ਪਹਿਲਾਂ ਜੰਮੀ ਹੋਈ ਧੀ ਨੂੰ ਹੱਕ ਕਦੋਂ ਤੋਂ ਮਿਲੇਗਾ ਅਰਥਾਤ ਉਸ ਨੂੰ ਹੱਕ 2005 ਤੋਂ ਹੱਕ ਮਿਲੇਗਾ ਜਾਂ ਪਹਿਲਾਂ ਤੋਂ, ਅਰਥਾਤ ਉਹ ਜੱਦੀ ਜਾਇਦਾਦ ਵਿੱਚ ਹੱਕ 2005 ਤੋਂ ਮੰਗ ਸਕਦੀ ਹੈ ਜਾਂ ਪਹਿਲਾਂ ਤੋਂ ਵੀ? ਕੀ ਇਹ ਦੇਖਿਆ ਜਾਵੇਗਾ ਕਿ ਉਸ ਦਾ ਪਿਤਾ 9 ਸਤੰਬਰ 2005 ਨੂੰ ਜਿਊਂਦਾ ਸੀ ਜਾਂ ਇਸ ਮਿਤੀ ਨੂੰ ਪਿਤਾ ਜਿਊਂਦਾ ਹੋਵੇ ਜਾਂ ਨਾ, ਇਸ ਨਾਲ ਕੋਈ ਫਰਕ ਨਹੀਂ ਪਵੇਗਾ?

ਸਵਾਲ ਇਹ ਸੀ ਕਿ ਇਸ ਸੋਧ ਦਾ ਫੌਰੀ ਪ੍ਰਭਾਵ ਹੋਵੇਗਾ ਜਾਂ ਬੀਤੇ ਮੁਤਾਬਕ? ਇਨ੍ਹਾਂ ਸਵਾਲਾਂ ਦਾ ਜਵਾਬ ਸਿੱਧਾ ਇਸ ਸੋਧ ਵਿੱਚ ਨਹੀਂ ਲਿਖਿਆ ਗਿਆ। ਇਨ੍ਹਾਂ ਦੇ ਉੱਤਰ ਲਈ ਸੁਪਰੀਮ ਕੋਰਟ ਦੇ ਹੇਠਲੇ ਫੈਸਲਿਆਂ ਨੂੰ ਦੇਖਣਾ ਪਵੇਗਾ, ਜੋ ਇਸ ਤਰ੍ਹਾਂ ਹਨ: ਸਾਲ 2016 ਵਿੱਚ ਪ੍ਰਕਾਸ਼ ਬਨਾਮ ਫੂਲਾਵਤੀ ਕੇਸ ਵਿੱਚ ਸੁਪਰੀਮ ਕੋਰਟ ਦੇ ਦੋ ਜੱਜਾਂ ਦੇ ਬੈਂਚ ਨੇ ਧਾਰਾ 6 (1) ਅਤੇ ਧਾਰਾ (3) ਵਿੱਚ 2005 ਦੀ ਸੋਧ ਤੋਂ ਬਾਅਦ ਦੀਆਂ ਧਾਰਾਵਾਂ ਦਾ ਹਵਾਲਾ ਦੇ ਕੇ ਫੈਸਲਾ ਦਿੱਤਾ ਸੀ ਕਿ ਨੌਂ ਸਤੰਬਰ 2005 ਨੂੰ ਜੇ ਪਿਤਾ ਜਿਊਂਦਾ ਹੈ ਤਾਂ ਉਸ ਧੀ (ਜਿਊਂਦੀ) ਨੂੰ ਜੱਦੀ ਜਾਇਦਾਦ ਵਿੱਚ ਹਿੱਸਾ ਮਿਲੇਗਾ ਅਤੇ ਜੇ ਪਿਤਾ ਇਸ ਮਿਤੀ ਨੂੰ ਜਿਊਂਦਾ ਨਹੀਂ ਤਾਂ ਧੀ ਨੂੰ ਜੱਦੀ ਜਾਇਦਾਦ ਦਾ ਹੱਕ ਨਹੀਂ ਮਿਲੇਗਾ। ਇਸ ਕੇਸ ਵਿੱਚ ਬੈਂਚ ਨੇ ਕਿਹਾ ਕਿ 2005 ਦੀ ਸੋਧ ਦਾ ਸੰਭਾਵਿਤ ਪ੍ਰਭਾਵ ਹੋਵੇਗਾ। ਸੰਨ 2018 ਵਿੱਚ ਮੰਗਾਮਲ ਬਨਾਮ ਟੀ ਬੀ ਰਾਜੂ ਕੇਸ ਵਿੱਚ ਫਿਰ ਸੁਪਰੀਮ ਕੋਰਟ ਨੇ ਆਪਣੇ ਪ੍ਰਕਾਸ਼ ਬਨਾਮ ਫੂਲਾਵਤੀ ਕੇਸ ਦੇ ਫੈਸਲੇ ਨੂੰ ਦੁਹਰਾਇਆ, ਪਰ ਸਾਲ 2018 ਵਿੱਚ ਹੀ ਸੁਪਰੀਮ ਕੋਰਟ ਦੇ ਦੋ ਜੱਜਾਂ ਦੇ ਬੈਂਚ ਨੇ ਦਾਨੰਮਾ ਬਨਾਮ ਅਮਰ ਕੇਸ ਵਿੱਚ ਧਾਰਾ 6 (1) (ਏ) ਅਤੇ ਧਾਰਾ 6 (1) (ਬੀ) ਦਾ ਹਵਾਲਾ ਦੇ ਕੇ ਕਿਹਾ ਕਿ 2005 ਦੀ ਸੋਧ ਤੋਂ ਬਾਅਦ ਧੀ ਦਾ ਪੁੱਤਰ ਦੀ ਤਰ੍ਹਾਂ ਆਪਣੇ ਪਿਤਾ ਦੀ ਜੱਦੀ ਜਾਇਦਾਦ ਵਿੱਚ ਜਮਾਂਦਰੂ ਹੱਕ ਹੋਵੇਗਾ, ਉਸ ਦਾ ਪਿਤਾ 9 ਸਤੰਬਰ 2005 ਨੂੰ ਜਿਊਂਦਾ ਹੋਵੇ ਜਾਂ ਨਾ, ਇਸ ਨਾਲ ਉਸ ਦੇ ਅਧਿਕਾਰ ਵਿੱਚ ਕੋਈ ਫਰਕ ਨਹੀਂ ਪਵੇਗਾ। ਇਸ ਫੈਸਲੇ ਵਿੱਚ ਕਿਹਾ ਗਿਆ ਕਿ 2005 ਦੀ ਸੋਧ ਦਾ ਫੌਰੀ ਪ੍ਰਭਾਵ ਹੋਵੇਗਾ। ਇਸ ਦਾ ਮਤਲਬ ਸੀ ਕਿ ਧੀ ਦਾ ਹੱਕ ਜੱਦੀ ਜਾਇਦਾਦ ਵਿੱਚ ਪੁੱਤਰ ਵਾਂਗ ਜਨਮ ਤੋਂ ਹੋਵੇਗਾ, ਉਹ ਇਸ ਹੱਕ ਨੂੰ 9 ਸਤੰਬਰ 2005 ਤੋਂ ਹੀ ਮੰਗ ਸਕਦੀ ਹੈ, ਉਸ ਦਾ ਪਿਤਾ ਇਸ ਤਰੀਕ ਨੂੰ ਜਿਊਂਦਾ ਹੋਵੇ ਜਾਂ ਨਾ, ਇਸ ਦਾ ਉਸ ਦੇ ਹੱਕ ਉਪਰ ਕੋਈ ਪ੍ਰਭਾਵ ਨਹੀਂ ਪਵੇਗਾ। ਮਿਸਾਲ ਵਜੋਂ ਜੇ ਧੀ 9 ਸਤੰਬਰ 2005 ਨੂੰ ਜਿਊਂਦੀ ਹੈ, ਪਰ ਉਸ ਦਾ ਪਿਤਾ 1980 ਵਿੱਚ ਮਰ ਗਿਆ ਸੀ, ਇਸ ਨਾਲ ਧੀ ਦੇ ਹੱਕ ਵਿੱਚ ਕੋਈ ਫਰਕ ਨਹੀਂ ਪਵੇਗਾ ਤੇ ਉਹ 9 ਸਤੰਬਰ 2005 ਨੂੰ ਜੱਦੀ



ਜਾਇਦਾਦ ਵਿੱਚ ਹੱਕ ਮੰਗ ਸਕਦੀ ਹੈ, ਪਰ ਇਹ ਜ਼ਰੂਰੀ ਹੈ ਕਿ ਜੱਦੀ ਜਾਇਦਾਦ 9 ਸਤੰਬਰ 2005 ਨੂੰ ਹੋਂਦ ਵਿੱਚ ਹੋਵੇ। ਜੇ 20 ਦਸੰਬਰ 2004 (ਜਿਸ ਦਿਨ ਇਸ ਸੋਧ ਵਾਸਤੇ ਬਿੱਲ ਪੇਸ਼ ਕੀਤਾ ਗਿਆ) ਤੋਂ ਪਹਿਲਾਂ ਧਾਰਾ 6 (2) ਅਤੇ ਧਾਰਾ 6 (5) ਅਨੁਸਾਰ ਜੱਦੀ ਜਾਇਦਾਦ ਵਿੱਚ ਵੰਡ ਹੋ ਚੁੱਕੀ ਹੈ ਤਾਂ ਧੀ ਨੂੰ ਇਸ ਦਾ ਹੱਕ ਨਹੀਂ ਮਿਲੇਗਾ ਕਿਉਂਕਿ ਜੱਦੀ ਜਾਇਦਾਦ ਦਾ ਰੁਤਬਾ ਖਤਮ ਹੋ ਗਿਆ ਤਾਂ ਉਸ ਵਿੱਚ ਹੱਕ ਮਿਲਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਪਿੱਛੇ ਜਿਹੇ ਸੁਪਰੀਮ ਕੋਰਟ ਨੇ ਦੋ ਕੇਸਾਂ ਵਿੱਚ ਇੱਕ ਦੂਸਰੇ ਦੇ ਬਿਲਕੁਲ ਉਲਟ ਫੈਸਲਾ ਸੁਣ-ਾਇਆ। ਸੰਵਿਧਾਨ ਦੇ ਆਰਟੀਕਲ 141 ਅਨੁਸਾਰ ਸੁਪਰੀਮ ਕੋਰਟ ਦੇ ਫੈਸਲੇ ਹੇਠਲੀਆਂ ਅਦਾਲਤਾਂ ਉਤੇ ਲਾਗੂ ਹੁੰਦੇ ਤੇ ਹੇਠਲੀਆਂ ਅਦਾਲਤਾਂ ਨੇ ਇਹ ਫੈਸਲੇ ਮੰਨ ਕੇ ਉਨ੍ਹਾਂ ਅਨੁਸਾਰ ਆਪਣੇ ਕੋਲ ਆਏ ਕੇਸਾਂ ਦਾ ਹੱਲ ਕਰਨਾ ਹੁੰਦਾ ਹੈ। ਹੇਠਲੀਆਂ ਅਦਾਲਤਾਂ ਨੂੰ ਸਮਝ ਨਹੀਂ ਆ ਰਹੀ ਕਿ ਕਿਸ ਫੈਸਲੇ ਨੂੰ ਮੰਨਿਆ ਜਾਵੇ, ਕਿਉਂਕਿ ਦੋਵੇਂ ਫੈਸਲੇ ਸੁਪਰੀਮ ਕੋਰਟ ਦੇ ਦੋ ਜੱਜਾਂ ਵਾਲੇ ਬੈਂਚ ਨੇ ਸੁਣਾਏ ਸਨ ਅਤੇ ਦੋਵੇਂ ਇੱਕ ਦੂਸਰੇ ਦੇ ਬਿਲਕੁਲ ਉਲਟ ਹਨ। ਦੁਚਿੱਤੀ ਦੂਰ ਕਰਨ ਲਈ ਦਿੱਲੀ ਹਾਈ ਕੋਰਟ ਨੇ ਆਪਣੇ ਇੱਕ ਕੇਸ ਵਨੀਤਾ ਸ਼ਰਮਾ ਬਨਾਮ ਰਾਕੇਸ਼ ਸ਼ਰਮਾ (2018) ਵਿੱਚ ਸੁਪਰੀਮ ਕੋਰਟ ਨੂੰ ਇਸ ਦਾ ਵੱਡੇ ਬੈਂਚ ਵੱਲੋਂ ਫੈਸਲਾ ਸੁਣਾਉਣ ਦੀ ਬੇਨਤੀ ਕੀਤੀ ਤਾਂ ਜੋ ਹੇਠਲੀਆਂ ਅਦਾਲਤਾਂ ਨੂੰ ਸੌਖ ਹੋ ਜਾਵੇ ਅਤੇ ਇਹ ਸਮੱਸਿਆ ਹੱਲ ਹੋ ਜਾਵੇ।

ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਸੁਪਰੀਮ ਕੋਰਟ ਦੇ ਤਿੰਨ ਜੱਜਾਂ ਵਾਲੇ ਬੈਂਚ ਨੇ ਵਨੀਤਾ ਸ਼ਰਮਾ ਬਨਾਮ ਰਾਕੇਸ਼ ਸ਼ਰਮਾ ਕੇਸ ਵਿੱਚ 11 ਅਗਸਤ 2020 ਨੂੰ ਕਿਹਾ ਕਿ ਧੀਆਂ ਨੂੰ ਪੁੱਤਾਂ ਦੇ ਬਰਾਬਰ ਹੱਕ ਹੈ। ਕੋਰਟ ਨੇ ਕਿਹਾ ਕਿ ਧੀਆਂ ਪੁੱਤਾਂ ਤੋਂ ਵੱਧ ਮਾਪਿਆਂ ਦਾ ਧਿਆਨ ਰੱਖਦੀਆਂ ਹਨ। ਫਿਰ ਉਨ੍ਹਾਂ ਨੂੰ ਉਨ੍ਹਾਂ ਦੇ ਹੱਕ ਤੋਂ ਵਾਂਝਾ ਕਿਉਂ ਰੱਖਿਆ ਜਾਵੇ? ਜੱਜ ਸਾਹਿਬਾਨ ਨੇ ਫੈਸਲਾ ਸੁਣਾਉਣ ਵੇਲੇ ਕਿਹਾ ਕਿ ਪੁੱਤ ਓਦੋਂ ਤੱਕ ਪੁੱਤ ਹੈ, ਜਦੋਂ ਤੱਕ ਉਸ ਨੂੰ ਪਤਨੀ ਨਹੀਂ ਮਿਲ ਜਾਂਦੀ, ਪਰ ਧੀ ਆਪਣੀ ਪੂਰੀ ਜ਼ਿੰਦਗੀ ਧੀ ਰਹਿੰਦੀ ਹੈ। ਕੋਰਟ ਨੇ ਧਾਰਾ 6 (1) (ਏ) ਅਤੇ ਧਾਰਾ 6 (1) (ਸੀ) ਦਾ ਅਤੇ ਆਪਣੇ ਪਿਛਲੇ ਫੈਸਲੇ ਦਨੰਮਾ ਬਨਾਮ ਅਮਰ ਦਾ ਹਵਾਲਾ ਦੇ ਕੇ ਕਿਹਾ ਕਿ ਧੀ ਨੂੰ ਪੁੱਤਰ ਵਾਂਗ ਹੀ ਕੋਪਾਰਸਨੇਰ ਮੰਨਿਆ ਜਾਵੇਗਾ ਅਤੇ ਪੁੱਤਰ ਵਾਂਗ ਧੀ ਦਾ ਜੱਦੀ ਜਾਇਦਾਦ ਵਿੱਚ ਜਮਾਂਦਰੂ ਹੱਕ ਹੋਵੇਗਾ, ਪਰ ਜੱਦੀ ਜਾਇਦਾਦ ਦਾ ਹਿੱਸਾ ਮੰਗਣ ਦਾ ਹੱਕ 9 ਸਤੰਬਰ 2005 ਤੋਂ ਲਾਗੂ ਹੋਵ-ੇਗਾ, ਧੀ ਦਾ ਪਿਤਾ 9 ਸਤੰਬਰ 2005 ਨੂੰ ਜਿਊਂਦਾ ਹੈ ਜਾਂ ਨਹੀਂ, ਇਸ ਨਾਲ ਫਰਕ ਨਹੀਂ ਪਵੇਗਾ। ਇਸ ਤਰ੍ਹਾਂ ਇਸ ਫੈਸਲੇ ਵਿੱਚ ਸੁਪਰੀਮ ਕੋਰਟ ਨੇ ਹਿੰਦੂ ਵਿਰਾਸਤ ਐਕਟ ਦੀ 2005 ਵਾਲੀ ਸੋਧ ਨੂੰ ਪ੍ਰਤੀਗਾਮੀ ਪ੍ਰਭਾਵ ਦਿੱਤਾ ਤੇ ਆਪਣੇ ਪ੍ਰਕਾਸ਼ ਬਨਾਮ ਫੂਲਾਵਤੀ ਕੇਸ ਵਿੱਚ ਸੁਣਾਏ ਆਪਣੇ ਫੈਸਲੇ ਨੂੰ ਰੱਦ ਕਰ ਦਿੱਤਾ। ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲ ਯਕੀਨਨ ਔਰਤਾਂ ਨੂੰ ਫਾਇਦਾ ਹੋਵੇਗਾ ਅਤੇ ਉਨ੍ਹਾਂ ਨੂੰ ਬਣਦਾ ਹੱਕ ਮਿਲੇਗਾ।

## ਮਿੰਨੀ ਕਹਾਣੀ

### ਕ੍ਰਿਪਾ

-ਪੁਖਰਾਜ ਸੋਲੰਕੀ

ਇੱਕ ਦਿਨ ਦੀਨਾਨਾਥ ਆਪਣੇ ਬਿਮਾਰ ਮਿੱਤਰ ਵਿਜੇ ਨੂੰ ਮਿਲਣ ਪਹੁੰਚੇ। ਉਥੇ ਪਹੁੰਚ ਕੇ ਉਨ੍ਹਾਂ ਦੀ ਸੁੱਖ-ਸਾਂਦ ਪੁੱਛੀ ਤਾਂ ਵਿਜੇ ਨੇ ਦੱਸਿਆ ਕਿ ਉਸ ਦੀ ਸਿਹਤ ਪਹਿਲਾਂ ਨਾਲੋਂ ਕਾਫੀ ਬਿਹਤਰ ਹੈ। ਥੋੜ੍ਹੀ ਦੇਰ ਬਾਅਦ ਚਾਹ ਵੀ ਆ ਗਈ ਅਤੇ ਫਿਰ ਉਨ੍ਹਾਂ ਦੇ ਵਿੱਚ ਜੀਵਨ ਦੇ ਖੱਟੇ-ਮਿੱਠੇ ਤਜਰਬਿਆਂ ਤੋਂ ਹੁੰਦੇ ਹੋਏ ਗੱਲਬਾਤ ਦਾ ਸਿਲਸਿਲਾ ਅੱਗੇ ਵਧਿਆ ਤਾਂ ਵਿਜੇ ਨੇ ਕਿਹਾ, ''ਕੀ ਦੱਸਾਂ ਦੀਨਾਨਾਥ ਜੀ, ਅਸੀਂ ਕਦੇ ਕਿਸੇ ਦਾ ਨਾ ਬੁਰਾ ਕੀਤਾ, ਨਾ ਬੁਰਾ ਸੋਚਿਆ, ਫਿਰ ਵੀ ਈਸ਼ਵਰ ਨੇ ਸਾਨੂੰ ਪਤਾ ਨਹੀਂ ਕਿਹੜੇ ਕਰਮਾਂ ਦੀ ਸਜ਼ਾ ਦਿੱਤੀ, ਜੋ ਪਿਛਲੇ ਦਿਨੀਂ ਇੰਨਾ ਬਿਮਾਰ ਰਹਿਣਾ ਪਿਆ। ਜਦ ਕਿ ਸਾਡੀ ਤਾਂ ਹਮੇਸ਼ਾ ਇਹੀ ਕੋਸ਼ਿਸ਼ ਰਹਿੰਦੀ ਹੈ ਕਿ ਜਿੰਨਾ ਹੋ ਸਕੇ, ਸਾਰਿਆਂ ਦਾ ਭਲਾ ਕਰੀਏ, ਪਰ ਈਸ਼ਵਰ ਪਤਾ ਨਹੀਂ ਸਾਡਾ ਭਲਾ ਕਦੋਂ ਕਰੇਗਾ, ਕਦੋਂ ਉਸ ਦੀ ਕ੍ਰਿਪਾ ਦ੍ਰਿਸ਼ਟੀ ਸਾਡੇ ਉੱਤੇ ਪਏਗੀ।''

ਵਿਜੇ ਦੇ ਚਿਹਰੇ ਉੱਤੇ ਨਿਰਾਸ਼ਾ ਦੇ ਭਾਅ ਦੇਖ ਕੇ ਦੀਨਾਨਾਥ ਉਸ ਨੂੰ ਸਮਝਾਉਂਦੇ ਹੋਏ ਬੋਲੇ, ''ਜੇ ਈਸ਼ਵਰ ਸਾਡਾ ਭਲਾ ਕਰ ਰਿਹਾ ਹੈ ਤਾਂ ਕਿਸ ਨੂੰ ਪਤਾ ਹੈ? ਤੁਸੀਂ ਪਹਿਲਾਂ ਬਿਮਾਰ ਸੀ, ਅੱਜ ਠੀਕ ਹੋ। ਘਰ ਵਿੱਚ ਸਾਰੇ ਆਪਣੇ-ਆਪਣੇ ਕੰਮ ਵਿੱਚ ਲੱਗੇ ਹੋਏ ਹਨ, ਮਤਲਬ ਇਥੇ ਸਭ ਠੀਕ ਹੈ। ਜਿੱਥੋਂ ਤੱਕ ਮੈਂ ਤੁਹਾਨੂੰ ਜਾਣਦਾ ਹਾਂ ਤੁਸੀਂ ਆਪਣੇ ਜ਼ਮਾਨੇ ਵਿੱਚ ਬਹੁਤ ਸੰਘਰਸ਼ ਕੀਤਾ, ਉਸੇ ਦੀ ਬਦੌਲਤ ਅੱਜ ਤੁਸੀਂ ਆਰਾਮ ਦਾਇਕ ਜੀਵਨ ਬਿਤਾ ਰਹੇ ਹੋ ਅਤੇ ਤੁਹਾਡੇ ਨੂੰਹ-ਪੁੱਤਰ ਵੀ ਹਰ ਸਮੇਂ ਤੁਹਾਡੀ ਸੇਵਾ ਵਿੱਚ ਹਾਜ਼ਰ ਰਹਿੰਦੇ ਹਨ। ਇਹ ਈਸ਼ਵਰ ਦੀ ਕ੍ਰਿਪਾ ਦ੍ਰਿਸ਼ਟੀ ਨਹੀਂ ਤਾਂ ਹੋਰ ਕੀ ਹੈ?''

ਇਹ ਸੁਣਨ ਦੇ ਬਾਅਦ ਵੀ ਵਿਜੇ ਦਾ ਉਤਰਿਆ ਹੋਇਆ ਚਿਹਰਾ ਦੱਸ ਰਿਹਾ ਸੀ ਕਿ ਉਹ ਜਵਾਬ ਤੋਂ ਸੰਤੁਸ਼ਟ ਨਹੀਂ ਹੈ। ਇਹ ਦੇਖ ਕੇ ਦੀਨਾਨਾਥ ਕੁਝ ਹੋਰ ਕਹਿੰਦੇ, ਤਦ ਖਿੜਕੀ ਵਿੱਚੋਂ ਤੇਜ਼ ਰਫਤਾਰ ਇੱਕ ਗੇਂਦ ਆਈ ਅਤੇ ਵਿਜੇ ਦੇ ਕੰਨਾਂ ਨੂੰ ਛੂੰਹਦੀ ਹੋਈ ਸਾਹਮਣੇ ਦੀ ਅਲਮਾਰੀ ਨਾਲ ਜਾ ਟਕਰਾਈ ਅਤੇ ਉਸ ਦੇ ਸ਼ੀਸ਼ੇ ਨੂੰ ਚਕਨਾਚੂਰ ਕਰ ਕੇ ਕਿਤੇ ਦੂਰ ਜਾ ਡਿੱਗੀ। ਇਹ ਸਭ ਇੰਨਾ ਜਲਦੀ ਹੋਇਆ ਕਿ ਦੋਵਾਂ ਘਬਰਾ ਗਏ। ਝੱਟ ਚਾਹ ਦਾ ਕਪ ਰੱਖਦੇ ਹੋਏ ਦੀਨਾਨਾਥ ਬੋਲੇ, ''ਤੁਸੀਂ ਠੀਕ ਤਾਂ ਹੋ? ਕਿਤੇ ਲੱਗੀ ਤਾਂ ਨਹੀਂ ਤੁਹਾਨੂੰ?''

''ਨਹੀਂ, ਈਸ਼ਵਰ ਦੀ ਕ੍ਰਿਪਾ ਨਾਲ ਵਾਲ-ਵਾਲ ਬਚ ਗਿਆ।'' ਕਹਿੰਦੇ ਹੋਏ ਵਿਜੇ ਦੇ ਚਿਹਰੇ ਉੱਤੇ ਈਸ਼ਵਰ ਪ੍ਰਤੀ ਸੰਤੁਸ਼ਟੀ ਦੇ ਭਾਅ ਆ ਗਏ। ਤਦ ਇੱਕ ਬੱਚਾ ਕਮਰੇ ਵਿੱਚ ਆਇਆ ਅਤੇ ਬੋਲਿਆ, ''ਅੰਕਲ ਜੀ, ਮੈਂ ਆਪਣੀ ਗੇਂਦ ਲੈ ਜਾਵਾਂ?''

ਵਿਜੇ ਉਸ ਨੂੰ ਝਿੜਕਦੇ, ਉਸ ਤੋਂ ਪਹਿਲਾਂ ਦੀਨਾਨਾਥ ਕਹਿ ਉਠੇ, ''ਦੇ ਦਿਓ, ਇਹ ਵੀ ਈਸ਼ਵਰ ਦਾ ਇੱਕ ਰੂਪ ਹੈ, ਇੰਨੀ ਕ੍ਰਿਪਾ ਦ੍ਰਿਸ਼ਟੀ ਤੁਹਾਡੀ ਵੀ ਇਸ ਉੱਤੇ ਬਣਦੀ ਹੈ।'' ਇਹ ਸੁਣ ਕੇ ਉਨ੍ਹਾਂ ਦੇ ਗੁਸੈਲ ਚਿਹਰੇ ਉੱਤੇ ਮੁਸਕਾਨ ਫੈਲ ਗਈ।




## ਅਖੰਡ ਪਾਠ ਖੰਡਤ ਕਰਨ ਵਾਲਿਆਂ ਨੂੰ ਤਨਖਾਹ ਲੱਗੇਗੀ

### * ਕਸੂਰਵਾਰਾਂ ਨੂੰ ਦੋ ਮਾਰਚ ਨੂੰ ਤਖਤ ਸਾਹਿਬ ਉੱਤੇ ਪੇਸ਼ ਹੋਣ ਦੇ ਹੁਕਮ

ਬਰਨਾਲਾ, 28 ਫਰਵਰੀ (ਪੋਸਟ ਬਿਊਰੋ)- ਪਿੰਡ ਬਖਤਗੜ੍ਹ ਵਿੱਚ ਭਗਤ ਰਵਿਦਾਸ ਦੇ ਪ੍ਰਕਾਸ਼ ਪੁਰਬ ਮੌਕੇ ਕੱਲ੍ਹ ਦੋ ਧਿਰਾਂ ਆਹਮੋ-ਸਾਹਮਣੇ ਹੋਣ ਕਾਰਨ ਅਖੰਡ ਪਾਠ ਖੰਡਿਤ ਹੋ ਗਏ। ਇਸ ਪਿੱਛੋਂ ਇਹ ਮਾਮਲਾ ਤਖਤ ਦਮਦਮਾ ਸਾਹਿਬ ਵਿਖੇ ਪਹੁੰਚ ਗਿਆ ਸੀ। ਇਸ ਦੀ ਜਾਂਚ ਲਈ ਤਖਤ ਸਾਹਿਬ ਤੋਂ ਪੰਜ ਪਿਆਰਿਆਂ ਦੀ ਟੀਮ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ) ਦੇ ਅੰਤ੍ਰਿੰਗ ਕਮੇਟੀ ਮੈਂਬਰ ਬਲਦੇਵ ਸਿੰਘ ਚੂੰਘਾਂ ਪਹੁੰਚੇ ਅਤੇ ਸਾਰੀਆਂ ਧਿਰਾਂ ਦੇ ਪੱਖ ਸੁਣਨ ਪਿੱਛੋਂ ਅਖੰਡ ਪਾਠ ਖੰਡਿਤ ਕਰਨ ਲਈ ਜ਼ਿੰਮੇਵਾਰ ਵਿਅਕਤੀਆਂ ਦੀ ਪਛਾਣ ਕੀਤੀ।

ਜਾਂਚ ਟੀਮ ਦੇ ਪੰਜ ਪਿਆਰਿਆਂ ਵਿੱਚੋਂ ਗੁਰਵਿੰਦਰ ਸਿੰਘ ਅਤੇ ਅਮਨਦੀਪ ਸਿੰਘ ਨੇ ਦੱਸਿਆ ਕਿ ਪਿੰਡ ਬਖਤਗੜ੍ਹ ਵਿੱਚ ਭਗਤ ਰਵਿਦਾਸ ਦੇ ਜਨਮ ਦਿਹਾੜੇ ਦੇ ਅਖੰਡ ਪਾਠ ਦੌਰਾਨ ਇੱਕ ਪਾਠੀ ਸਿੰਘ ਧੱਕੇ ਨਾਲ ਰੌਲ ਲਾਉਣ ਬੈਠ ਗਿਆ ਅਤੇ ਬਾਅਦ ਵਿੱਚ ਆਪਣੀ ਮਰਜ਼ੀ ਨਾਲ ਉਠ ਕੇ ਚਲਾ ਗਿਆ, ਜਿਸ ਕਾਰਨ ਅਖੰਡ ਪਾਠ ਖੰਡਤ ਕਰ ਕੇ ਵੱਡਾ ਗੁਨਾਹ ਕੀਤਾ ਗਿਆ ਹੈ।ਟੀਮ ਨੇਜਾਂਚ ਦੌਰਾਨ ਕਰਮ ਸਿੰਘ ਅਤੇ ਉਸ ਦੇ ਸਾਥੀ ਨੂੰ ਜ਼ਿੰਮੇਵਾਰ ਪਾਇਆ, ਜਿਨ੍ਹਾਂ ਨੇ ਲਿਖਤੀ ਤੌਰ ਉੱਤੇ ਆਪਣੀ ਗਲਤੀ ਮੰਨ ਕੇ ਮੁਆਫੀਨਾਮਾ ਸੌਂਪਿਆ। ਗੁਨਾਹਗਾਰਾਂ ਨੂੰ ਦੋ ਮਾਰਚ ਨੂੰ ਦਮਦਮਾ ਸਾਹਿਬ ਵਿਖੇ ਬੁਲਾਇਆ ਗਿਆ ਹੈ, ਜਿੱਥੇ ਉਨ੍ਹਾਂ ਨੂੰ ਧਾਰਮਿਕ ਤੌਰ ਉੱਤੇ ਸਜ਼ਾ ਲਾਈ ਜਾਵੇਗੀ।

## ਲੁਧਿਆਣਾ ਸਿਵਲ ਹਸਪਤਾਲ ਵਿਚ ਫਰਸ਼ ਉਤੇ ਡਿਲਿਵਰੀ

ਲੁਧਿਆਣਾ, 28 ਫਰਵਰੀ (ਪੋਸਟ ਬਿਊਰੋ)- ਸਿਵਲ ਹਸਪਤਾਲ ਲੁਧਿਆਣਾ ਵਿੱਚ ਇੱਕ ਗਰਭਵਤੀ ਔਰਤ ਨੂੰ ਸਮੇਂ ਉੱਤੇ ਭਰਤੀ ਨਾ ਕਰਨ ਉੱਤੇ ਉਸ ਦੀ ਡਿਲਿਵਰੀ ਟਾਇਲੈਟ ਨੇੜੇ ਲੇਬਰ ਰੂਮ ਦੇ ਗੇਟ ਉੱਤੇ ਹੋ ਗਈ। ਬੱਚਾ ਫਰਸ਼ ਉੱਤੇ ਡਿੱਗਣ ਤੇ ਔਰਤ ਦੀ ਚੀਕ ਸੁਣ ਕੇ ਲੇਬਰ ਰੂਮ ਦਾ ਸਟਾਫ ਉਥੇ ਪਹੁੰਚਿਆ ਅਤੇ ਜੱਚਾ-ਬੱਚਾ ਨੂੰ ਸੰਭਾਲਿਆ।

ਛੋਟੀ ਢੰਡਾਰੀ ਦੇ ਵਸਨੀਕ ਸਾਹਿਲ ਯਾਦਵ ਨੇ ਦੱਸਿਆ ਕਿ ਸਵੇਰੇ ਨੌਂ ਵਜੇ ਉਸ ਦੀ ਪਤਨੀ ਕਿਰਨ ਨੂੰ ਲੇਬਰ ਪੇਨ ਸ਼ੁਰੂ ਹੋਈ ਤੇ ਸਵਾ ਦਸ ਵਜੇ ਉਹ ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਪਹੁੰਚੇ। ਉਥੋਂ ਪੈਦਲ ਮਦਰ ਐਂਡ



ਚਾਈਲਡ ਹਸਪਤਾਲ ਦੇ ਗਰਾਊਂਡ ਫਲੋਰ ਉੱਤੇਲੇਬਰ ਰੂਮ ਤੱਕ ਪਹੁੰਚੇ ਤਾਂ ਓਥੇ ਗਰਭਵਤੀ ਔਰਤਾਂ ਦੀ ਗਿਣਤੀ ਜ਼ਿਆਦਾ ਸੀ, ਪਰ ਡਿਊਟੀ ਉੱਤੇ ਸਿਰਫ ਦੋ ਸਟਾਫ ਨਰਸਾਂ ਸਨ, ਜਿਨ੍ਹਾਂ ਨੇ ਉਨ੍ਹਾਂ ਨੂੰ ਸਾਈਡ ਵਿੱਚ ਖੜ੍ਹੇ ਹੋ ਕੇ ਉਡੀਕ ਕਰਨ ਨੂੰ ਕਿਹਾ। ਡਿਊਟੀ ਉੱਤੇ ਤੈਨਾਤ ਨਰਸ ਦਾ ਕਹਿਣਾ ਹੈ ਕਿ ਡਿਲਿਵਰੀ ਲੇਬਰ ਰੂਮ ਵਿੱਚ ਸਟਰੈਚਰ ਉੱਤੇ ਹੋਈ ਹੈ। ਗਰਭਵਤੀ ਦੇ ਹਸਪਤਾਲ ਆਉਣ ਉੱਤੇ ਉਸ ਦੀ ਜਾਂਚ ਕਰ ਕੇ ਭਰਤੀ ਦੀ ਫਾਈਲ ਬਣਾਈ ਗਈ ਤਾਂ ਉਹ ਇਕੱਲੀ ਆਈ ਸੀ। ਭਰਤੀ ਕਰਨ ਦੇ ਸਮੇਂ ਕੁਝ ਟੈਸਟ ਕਰਵਾਏ ਜਾਂਦੇ ਹਨ। ਔਰਤ ਦੇ ਪਤੀ ਨੂੰ ਆਵਾਜ਼ ਦਿੱਤੀ ਤਾਂ ਉਹ ਮੌਕੇਉੱਤੇ ਨਹੀਂ ਸੀ। ਇਸ ਦੌਰਾਨ ਗਰਭਵਤੀ ਟਾਇਲਟ ਚਲੀ ਗਈ। ਵਾਪਸ ਆਉਣ ਉੱਤੇ ਉਸ ਨੂੰ ਦਰਦ ਸ਼ੁਰੂ ਹੋ ਗਈ। ਉਸ ਨੂੰ ਸਟ੍ਰੈਚਰ ਉੱਤੇ ਲਿਟਾ ਕੇ ਲੇਬਰ ਰੂਮ ਲਿਜਾਇਆ ਗਿਆ, ਪਰ ਤਦ ਤੱਕ ਡਿਲਿਵਰੀ ਹੋ ਗਈ।

## ਬੇਟੀ ਦੀ ਲਵ ਮੈਰਿਜ ਤੋਂ ਨਾਰਾਜ਼ ਕੁੜੀ ਵਾਲਿਆਂ ਨੇ ਲੜਕੇ ਦਾ ਭਾਣਜਾ ਅਗਵਾ ਕੀਤਾ

ਮੋਗਾ, 28 ਫਰਵਰੀ (ਪੋਸਟ ਬਿਊਰੋ)- ਬੇਟੀ ਦੀ ਲਵ ਮੈਰਿਜ ਤੋਂ ਨਾਰਾਜ਼ ਉਸ ਦੇ ਪਰਵਾਰ ਨੇ ਲੜਕੇ ਦੇ ਭਾਣਜੇ ਨੂੰ ਉਸ ਸਮੇਂ ਅਗਵਾ ਕਰ ਲਿਆ, ਜਦ ਉਹ ਸਕੂਲ ਤੋਂ ਘਰ ਆ ਰਿਹਾ ਸੀ। ਪੁਲਸ ਨੇ ਸੂਚਨਾ ਮਿਲਨ ਦੇ ਡੇਢ ਘੰਟੇ ਬਾਅਦ ਬੱਚੇ ਨੂੰ ਸਹੀ-ਸਲਾਮਤ ਬਰਾਮਦ ਕਰ ਕੇ ਪੁਲਸ ਨੇ ਚਾਰਾਂ ਦੋਸ਼ੀਆਂ ਨੂੰ ਫਿਰੋਜ਼ਪੁਰ ਤੋਂ ਫੜ ਲਿਆ।

ਫਤਿਹਗੜ੍ਹ ਪੰਜਤੂਰ ਥਾਣੇ ਵਿੱਚ ਪਿੰਡ ਬਹਾਦਰਵਾਲਾ ਦੀ ਜੋਤੀ ਰਾਣੀ ਨੇ ਦੱਸਿਆ ਕਿ ਉਹ ਦੋ ਬੱਚਿਆਂ ਸਮੇਤ ਪੇਕੇ ਘਰ ਰਹਿੰਦੀ ਹੈ। 26 ਫਰਵਰੀ ਨੂੰ ਛੇ ਸਾਲ ਦੀ ਬੇਟੀ ਅਤੇ 12 ਸਾਲ ਦਾ ਬੇਟਾ ਲਵਪ੍ਰੀਤ ਸਿੰਘ ਦੁਪਹਿਰ ਨੂੰ ਸਕੂਲ ਤੋਂ ਘਰ ਆ ਰਹੇ ਸਨ। ਰਸਤੇ ਵਿੱਚ ਉਸ ਦੇ ਬੇਟੇ ਨੂੰ ਕਿਡਨੈਪ ਕਰ ਲਿਆ ਗਿਆ। ਕਿਡਨੈਪ ਕਰਨ ਵਾਲੇ ਉਸ ਦੇ ਵੱਡੇ ਭਰਾ ਦੇ ਸਹੁਰੇ ਹਨ। ਇਸ ਪਿੱਛੋਂ ਪੁਲਸ ਨੇ ਵੱਡੇ ਭਰਾ ਦੇ ਸਹੁਰੇ ਸੋਨੂ ਕੁਮਾਰ, ਚਾਚਾ ਸਹੁਰਾ



ਵਿਜੈ ਕੁਮਾਰ, ਦਾਦੀ ਸੱਸ ਕਾਂਤਾ ਦੇਵੀ, ਚਾਚੀ ਸੱਸ ਨੀਤਾ ਨੂੰ ਗ੍ਰਿਫਤਾਰ ਕਰ ਕੇ ਅਗਵਾ ਤੇ ਜਾਨ ਤੋਂ ਮਾਰਨ ਦੀ ਧਮਕੀ ਦਾ ਕੇਸ ਦਰਜ ਕਰ ਲਿਆ। ਅਸਲ ਵਿੱਚ ਉਸ ਦੇ ਭਰਾ ਦੀ ਸਾਲੀ ਨਾਲ ਛੋਟੇ ਭਰਾ ਨੂੰ ਪਿਆਰ ਹੋ ਗਿਆ ਅਤੇ ਦੋਵਾਂ ਨੇ ਲਵ ਮੈਰਿਜ ਕਰ ਲਈ ਸੀ। ਭਰਾ ਦੇ ਸਹੁਰਿਆਂ ਨੇ ਪਹਿਲਾਂ ਇਤਰਾਜ਼ ਕੀਤਾ ਤੇ ਫਿਰ ਕਿਹਾ ਕਿ ਭੇਜ ਦਿਓ, ਚੁੰਨੀ ਚੜ੍ਹਾ ਕੇ ਲੈ ਜਾਣਾ। ਦੋਬਾਰਾ ਗਏ ਤਾਂ ਭਜਾ ਦਿੱਤਾ, ਪਰ ਉਸ ਦਾ ਭਰਾ ਫਿਰ ਲੜਕੀ ਨੂੰ ਕਿਸੇ ਤਰ੍ਹਾਂ ਲੈ ਆਇਆ। ਇਸ ਤੋਂ ਨਾਰਾਜ਼ ਹੋ ਕੇ ਸਹੁਰਿਆਂ ਨੇ ਮੇਰੇ ਬੇਟੇ ਨੂੰ ਅਗਵਾ ਕਰ ਲਿਆ, ਜਿਸ ਨੂੰ ਪੁਲਸ ਨੇ ਛੁਡਾ ਲਿਆ ਹੈ।

## ਪੁਲਸ ਅਫ਼ਸਰਾਂ ਦੇ ਰੀਅਲ ਅਸਟੇਟ ਮਾਫੀਆ ਨਾਲ ਜੁੜੇ ਹੋਣ ਬਾਰੇ ਸੀ ਬੀ ਆਈ ਜਾਂਚ ਦੀ ਮੰਗ

ਚੰਡੀਗੜ੍ਹ, 28 ਫਰਵਰੀ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਵੱਡੇ ਅਫ਼ਸਰਾਂ ਦੀ ਰੀਅਲ ਅਸਟੇਟ ਮਾਫੀਆ ਨਾਲ ਸਾਂ ਅਤੇ ਉਨ੍ਹਾਂ ਵੱਲੋਂ ਆਪਣੀ ਕਾਲੀ ਕਮਾਈ ਨੂੰ ਵਾਈਟ ਕਰਨ ਦੇ ਦੋਸ਼ ਵਾਲੀ ਪਟੀਸ਼ਨ ’ਤੇ ਪੰਜਾਬ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ, ਡੀ ਜੀ ਪੀ ਪੰਜਾਬ ਅਤੇ ਸੀ ਬੀ ਆਈ ਅਤੇ ਹੋਰਨਾਂ ਨੂੰ ਨੋਟਿਸ ਜਾਰੀ ਕੀਤਾ ਹੈ।

ਕਪੂਰਥਲਾ ਜ਼ਿਲ੍ਹੇ ਦੇ ਚਰਨ ਸਿੰਘ ਤੇ ਵਾਸੂ ਪਾਠਕ ਵੱਲੋਂ ਦਾਇਰ ਕੀਤੀ ਪਟੀਸ਼ਨ ਮੁਤਾਬਕ ਰਣਜੀਤ ਸਿੰਘ ਉਰਫ਼ ਜੀਤਾ ਅਤੇ ਉਸਦੀ ਪਤਨੀ ਦੇ ਖ਼ਿਲਾਫ਼ ਜਾਂਚ ਸੀ ਬੀ ਆਈ ਨੂੰ ਸੌਂਪੀ




ਜਾਵੇ, ਜਿਹੜੇ ਵੱਡੇ ਪੁਲਸ ਅਫ਼ਸਰਾਂ ਅਤੇ ਡਰੱਗ ਮਾਫੀਆ ਨਾਲ ਮਿਲ ਕੇ ਰੀਅਲ ਅਸਟੇਟ ਮਾਫੀਆ ਦਾ ਕੰਮ ਕਰਦੇ ਹਨ। ਇਸ ਪਤੀ-ਪਤਨੀ ਨੇ ਕਈ ਕੰਪਨੀਆਂ ਬਣਾ ਕੇ ਡਰੱਗ ਦਾ ਪੈਸਾ ਤੇ ਵੱਡੇ ਪੁਲਸ ਅਫ਼ਸਰਾਂ ਦੀ ਕਾਲੀ ਕਮਾਈ ਨੂੰ ਰੀਅਲ ਅਸਟੇਟ ਵਿੱਚ ਇਨਵੈਸਟ ਕਰਕੇ ਵਾਈਟ ਕੀਤਾ ਹੈਅਤੇ ਇਨਕਮ ਟੈਕਸ ਵਿਭਾਗ ਨਾਲ ਧੋਖਾ ਕੀਤਾ ਹੈ। ਪਟੀਸ਼ਨ ਦੇ ਮੁਤਾਬਕ ਇਸ ਕੇਸ ਵਿੱਚ ਸਪੈਸ਼ਲ ਟਾਸਕ ਫੋਰਸ ਦੇ ਏ ਡੀ ਜੀ ਪੀ ਇਸ ਕੇਸ ਵਿੱਚ ਨਿਰਪੱਖ ਜਾਂਚ ਕਰਨ ਤੋਂ ਫੇਲ੍ਹ ਸਾਬਿਤ ਹੋਏ ਹਨ। ਪਟੀਸ਼ਨਰ ਨੇ ਅਰਜ਼ੀ ਵਿੱਚ ਇਸ ਰੈਕੇਟ ਵਿੱਚ ਸ਼ਾਮਲ ਪੁਲਸ ਅਫ਼ਸਰਾਂ ਦੇ ਨਾਮ ਅਤੇ ਉਨ੍ਹਾਂ ਦੀ ਰਕਮ ਦੀ ਜਾਣਕਾਰੀ ਵੀ ਦਿੱਤੀ ਹੈ। ਹਾਈਕੋਰਟ ਦੇ ਜੱਜ ਅਨੂਪਿੰਦਰ ਸਿੰਘ ਗਰੇਵਾਲ ਦੀ ਅਦਾਲਤ ਨੇ ਕੇਸ ਦੀ ਸੁਣਵਾਈ ਪਿੱਛੋਂ ਨੋਟਿਸ ਜਾਰੀ ਕਰ ਦਿੱਤਾ ਹੈ।

## ਮੋਗਾ ਵਿੱਚ ਅਡਾਨੀ ਭੰਡਾਰ ਵਿੱਚੋਂ ਅਨਾਜ ਭਰ ਕੇ ਨਿਕਲੀ ਮਾਲ ਗੱਡੀ ਕਿਸਾਨਾਂ ਨੇ ਰੋਕੀ



ਮੋਗਾ, 28 ਫਰਵਰੀ (ਪੋਸਟ ਬਿਊਰੋ)- ਖੇਤੀ ਕਾਨੂੰਨ ਰੱਦ ਕਰਾਉਣ ਲਈ ਚੱਲਦੇ ਸੰਘਰਸ਼ ਦੌਰਾਨ ਕਿਸਾਨ ਸੰਗਠਨਾਂ ਨੇ ਕੱਲ੍ਹ ਇਥੇ ਅਡਾਨੀ ਭੰਡਾਰ ’ਚੋਂ ਅਨਾਜ ਭਰ ਕੇ ਨਿਕਲਦੀ ਮਾਲ ਗੱਡੀ ਨੂੰ ਰੋਕ ਲਿਆ।

ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਸੂਬਾ ਆਗੂ ਬਲਦੇਵ ਸਿੰਘ ਜੀਰਾ ਦੀ ਅਗਵਾਈ ਹੇਠ ਕਿਸਾਨ ਰੇਲ ਪਟੜੀ ਉਤੇ ਬੈਠ ਗਏ ਤੇ ਗੱਡੀ ਨੂੰ ਡੱਕ ਦਿੱਤਾ। ਇਸ ਦੀ ਸੂਚਨਾ ਮਿਲਦੇ ਸਾਰ ਸੀਨੀਅਰ ਸਿਵਲ ਤੇ ਪੁਲਸ ਅਧਿਕਾਰੀ ਮੌਕੇ ਉਤੇ ਪੁੱਜ ਗਏ। ਉਨ੍ਹਾਂ ਜਥੇਬੰਦੀ ਦੇ ਆਗੂਆਂ ਨਾਲ ਗੱਲਬਾਤ ਕੀਤੀ, ਪਰ ਮਾਮਲਾ ਜਿਉਂ ਦਾ ਤਿਉਂ ਰਹਿਣ ਮਗਰੋਂ ਰੇਲ ਵਿਭਾਗ ਇਕੱਲਾ ਇੰਜਣ ਲੈ ਕੇ ਚਲਾ ਗਿਆ ਅਤੇ ਅਨਾਜ ਦੀ ਭਰੀ ਗੱਡੀ ਉਥੇ ਹੀ ਖੜੀ ਰਹੀ।

ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਕਰਦੀਆਂ ਕਿਸਾਨ ਜਥੇਬੰਦੀਆਂ ਨੇ ਕੋਲਾ ਆਦਿ ਦੀ ਢੋਆ-ਢੁਆਈ ਲਈ ਮਾਲ ਗੱਡੀਆਂ ਚੱਲਣ ਦੀ ਖੁੱਲ੍ਹ ਦਿੱਤੀ ਸੀ। ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਆਗੂ ਬਲਦੇਵ ਸਿੰਘ ਜੀਰਾ ਨੇ ਕਿਹਾ ਕਿ ਉਨ੍ਹਾਂ ਸੰਯੁਕਤ ਕਿਸਾਨ ਮੋਰਚੇ ਦੇ ਫ਼ੈਸਲੇ ਮੁਤਾਬਕ ਮਾਲ ਗੱਡੀ ਬਾਰੇ ਸੂਚਨਾ ਮਿਲਣ ਉਤੇ ਅਡਾਨੀ ਪਲਾਂਟ ’ਚੋਂ ਕਣਕ ਦੀ ਲੋਡ ਹੋਈ ਗੱਡੀ ਨੂੰ ਰੋਕਿਆ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਕਹਿੰਦਾ ਹੈ ਕਿ ਮਾਲ ਗੱਡੀ ਨਾ ਰੋਕਣ ਦਾ ਫ਼ੈਸਲਾ ਹੈ, ਪਰ ਉਨ੍ਹਾਂ ਦੀ ਜਥੇਬੰਦੀ ਨੂੰ ਇਸ ਦਾ ਪਤਾ ਨਹੀਂ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਦੇ ਨਿਰਦੇਸ਼ਾਂ ਮੁਤਾਬਕ ਮਾਲ ਗੱਡੀ ਨੂੰ ਇੱਥੋਂ ਜਾਣ ਜਾਂ ਨਾ ਜਾਣ ਦੇਣ ਬਾਰੇ ਫੈਸਲਾ ਹੋਵੇਗਾ।

## ਪ੍ਰੇਮਿਕਾ ਵੱਲੋਂ ਪ੍ਰੇਮੀ ਦੇ ਵਿਆਹ ਵਿੱਚ ਪਹੁੰਚ ਕੇ ਹੰਗਾਮਾ

ਜਲੰਧਰ, 28 ਫਰਵਰੀ (ਪੋਸਟ ਬਿਊਰੋ)- ਥਾਣਾ ਨੰਬਰ ਦੋ ਦੀ ਹੱਦ ਵਿੱਚ ਵਰਕਸ਼ਾਪ ਚੌਕ ਲਾਗੇ ਇੱਕ ਮੈਰਿਜ ਪੈਲੇਸ ਵਿੱਚ ਚੱਲ ਰਹੇ ਵਿਆਹ ਵਿੱਚ ਲੜਕੇ ਦੀ ਪੁਰਾਣੀ ਪ੍ਰੇਮਿਕਾ ਆ ਗਈ ਤੇ ਓਦੋਂ ਹੰਗਾਮਾ ਵਧ ਗਿਆ, ਜਦ ਉਸੋਂ ਨੇ ਇਹ ਕਹਿ ਕੇ ਸਭ ਨੂੰ ਹੈਰਾਨ ਕਰ ਦਿੱਤਾ ਕਿ ਵਿਆਹ ਵਾਲਾ ਲੜਕਾ ਪਿਛਲੇ ਤਿੰਨ ਸਾਲ ਤੋਂ ਉਸ ਦੀ ਇੱਜ਼ਤ ਨਾਲ ਖੇਡ ਰਿਹਾ ਸੀ ਤੇ ਵਿਆਹ ਕਿਸੇ ਹੋਰ ਨਾਲ ਕਰਵਾ ਰਿਹਾ ਹੈ। ਗੱਲ ਵਧਦੀ ਵੇਖ ਕੇ ਕਿਸੇ ਨੇ ਥਾਣਾ ਨੰਬਰ ਦੋ ਦੀ ਪੁਲਸ ਨੂੰ ਦੱਸਿਆ ਤਾਂ ਮੌਕੇ ਉੱਤੇ ਪਹੁੰਚੀ ਅਤੇ ਲੜਕੀ ਦੀਆਂ ਗੱਲਾਂ ਸੁਣ ਕੇ ਵਿਆਹ ਰੁਕਵਾ ਦਿੱਤਾ।

ਮੈਰਿਜ ਪੈਲੇਸ ਵਿੱਚ ਪਹੁੰਚੀ ਲੜਕੀ ਨੇ ਦੱਸਿਆ ਕਿ ਵਿਆਹ ਵਾਲਾ ਲੜਕਾ ਪਿਛਲੇ ਕਈ ਸਾਲਾਂ ਤੋਂ ਉਸ ਨਾਲ ਸੰਬੰਧ ਬਣਾ ਰਿਹਾ ਸੀ ਅਤੇ ਇੱਕ ਦਿਨ ਉਸ ਨੂੰ ਹੋਟਲ ਵਿੱਚ ਲਿਜਾ ਕੇ ਉਸ ਨੇ ਕੋਲਡ ਡਰਿੰਕ ਵਿੱਚ ਨਸ਼ੇ ਦੀ ਚੀਜ਼ ਮਿਲਾ ਕੇ ਉਸ ਨੂੰ ਪਿਆ ਦਿੱਤੀ ਅਤੇ ਉਸ ਨਾਲ ਸੰਬੰਧ ਬਣਾਉਣ ਦੀ ਵੀਡੀਓ ਬਣਾ ਲਈ। ਫਿਰ ਉਹ ਉਸ ਨੂੰ ਬਲੈਕਮੇਲ ਕਰਨ ਲੱਗ ਪਿਆ। ਜਦ ਉਸ ਨੇ ਇਹ ਗੱਲ ਆਪਣੇ ਘਰ ਦੱਸੀ ਤਾਂ ਉਨ੍ਹਾਂ ਨੇ ਪੰਚਾਇਤ ਵਿੱਚ ਉਸ ਲੜਕੇ ਨੂੰ ਬੁਲਾਇਆ, ਜਿਸ ਨੇ ਉਸ ਨਾਲ ਵਿਆਹ ਦਾ ਵਾਅਦਾ ਕੀਤਾ, ਪਰ ਉਹ ਕਿਸੇ ਹੋਰ ਨਾਲ ਵਿਆਹ ਕਰਵਾ ਰਿਹਾ ਹੈ।

## ਸ਼੍ਰੋਮਣੀ ਕਮੇਟੀ ਮੁਲਾਜ਼ਮ ਨੇ ਨੌਕਰੀ ਦੇ ਨਾਂ ’ਤੇ ਲੋਕਾਂ ਤੋਂ ਲੱਖਾਂ ਰੁਪਏ ਠੱਗ ਲਏ

ਅੰਮ੍ਰਿਤਸਰ, 28 ਫਰਵਰੀ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ’ਚ ਨੌਕਰੀਆਂ ਲਵਾਉਣ ਦੇ ਨਾਂ ’ਤੇ ਇਸ ਕਮੇਟੀ ਦੇ ਇੱਕ ਮੁਲਾਜ਼ਮ ਵੱਲੋਂ ਲੋਕਾਂ ਤੋਂ ਲੱਖਾਂ ਰੁਪਏ ਠੱਗਣ ਦਾ ਭੇਦ ਖੁੱਲ੍ਹਾ ਹੈ। ਸਾਰੀ ਗੱਲ ਸਾਹਮਣੇ ਆਉਣ ’ਤੇ ਕਮੇਟੀ ਅਧਿਕਾਰੀਆਂ ਨੇ ਉਸ ਮੁਲਾਜ਼ਮ ਨੂੰ ਸਸਪੈਂਡ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।




ਪਤਾ ਲੱਗਾ ਹੈ ਕਿ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਪਬਲੀਕੇਸ਼ਨ ਵਿਭਾਗ ’ਚ ਹੈਲਪਰ ਪੱਧਰ ਦੇ ਮੁਲਾਜ਼ਮ ਨੇ ਇਹ ਠੱਗੀ ਕੀਤੀ ਹੈ। ਇਸ ਵਿੱਚ ਹਾਲੇ ਤੱਕ ਕਿਸੇ ਹੋਰ ਮੁਲਾਜ਼ਮ ਜਾਂ ਅਧਿਕਾਰੀ ਦਾ ਨਾਂ ਨਹੀਂ ਆਇਆ, ਪਰ ਇਹ ਮੰਨਿਆ ਜਾ ਰਿਹਾ ਹੈ ਕਿ ਏਡਾ ਘੁਟਾਲਾ ਇਕੱਲਾ ਮੁਲਾਜ਼ਮ ਨਹੀਂ ਕਰ ਸਕਦਾ। ਦੱਸਿਆ ਗਿਆ ਹੈ ਕਿ ਉਕਤ ਮੁਲਾਜ਼ਮ ਨੇ ਕੁਝ ਲੋਕਾਂ ਕੋਲੋਂ ਸ਼੍ਰੋਮਣੀ ਕਮੇਟੀ ’ਚ ਨੌਕਰੀਆਂ ਦਿਵਾਉਣ ਬਹਾਨੇ ਮੋਟੀਆਂ ਰਕਮਾਂ ਲਈਆਂ ਅਤੇ ਨੌਕਰੀ ਦੇ ਚਾਹਵਾਨਾਂ ਨੂੰ ਸ਼੍ਰੋਮਣੀ ਕਮੇਟੀ ਦਫ਼ਤਰ ਦੇ ਲੈਟਰਪੈਡ ’ਤੇ ਵੱਖ-ਵੱਖ ਅਧਿਕਾਰੀਆਂ ਦੇ ਦਸਖ਼ਤ ਕਰਕੇ ਫਾਈਲਾਂ ਬਣਾ ਦਿੱਤੀਆਂ ਅਤੇ ਉਨ੍ਹਾਂ ਲੋਕਾਂ ਨੂੰ ਪੁਲਸ ਵੈਰੀਫਿਕੇਸ਼ਨ, ਮੈਡੀਕਲ ਜਾਂਚ ਤੱਕ ਦੇ ਪੱਤਰ ਵੀ ਭੇਜ ਦਿੱਤੇ। ਭੇਦ ਖੁੱਲ੍ਹਣ ਉਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਇਸ ਦੀ ਜਾਂਚ ਲਈ ਉਸ ਮੁਲਾਜ਼ਮ ਨੂੰ ਸਸਪੈਂਡ ਕਰ ਦਿੱਤਾ ਤੇ ਉਸ ਦੇ ਅਗਲੇਰੀ ਕਾਰਵਾਈ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਮੁਲਾਜ਼ਮ ਤੋਂ ਪੀੜਤ ਕੁਝ ਲੋਕ ਕੱਲ੍ਹ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਪੁੱਜੇ ਅਤੇ ਫਲਾਇੰਗ ਵਿਭਾਗ ਨੂੰ ਬਿਆਨ ਦਰਜ ਕਰਾਏ। ਸੁਣਨ ਵਿੱਚ ਆਇਆ ਹੈ ਕਿ ਛੇ ਜਣੇ ਇਸ ਠੱਗੀ ਦਾ ਸ਼ਿਕਾਰ ਹੋਏ ਹਨ ਤੇ ਹਰ ਵਿਅਕਤੀ ਤੋਂ ਇੱਕ ਤੋਂ ਤਿੰਨ ਲੱਖ ਰੁਪਏ ਦੇ ਕਰੀਬ ਰਕਮ ਵਸੂਲੀ ਗਈ ਸੀ।

## ਵਿਆਹ ਦੇ ਬਾਅਦ ਪਤੀ ਦੇ ਸਮਲਿੰਗੀ ਹੋਣ ਦਾ ਪਤਾ ਲੱਗਾ

ਜਲੰਧਰ, 28 ਫਰਵਰੀ (ਪੋਸਟ ਬਿਊਰੋ)- ਵਿਆਹ ਦੇ ਬਾਅਦ ਪਤੀ ਨੇ ਸੰਬੰਧ ਨਹੀਂ ਬਣਾਏ ਤਾਂ ਪਤਨੀ ਨੂੰ ਪਤਾ ਲੱਗਾ ਕਿ ਉਸ ਦਾ ਪਤੀ ਸਮਲਿੰਗੀ ਹੈ। ਮੋਬਾਈਲ ਉੱਤੇ ਇਸ ਨਾਲ ਸਬੰਧਤ ਇਤਰਾਜ਼ਯੋਗ ਚੈਟਿੰਗ ਦੇਖੀ ਤਾਂ ਪੇਕਿਆਂ ਨੂੰ ਦੱਸ ਦਿੱਤਾ। ਇਸ ਤੋਂ ਭੜਕੇ ਸੱਸ-ਸਹੁਰੇ ਅਤੇ ਪਤੀ ਨੇ ਮਾਰਕੁੱਟ ਕਰ ਕੇ ਉਸ ਨੂੰ ਘਰੋਂ ਕੱਢ ਦਿੱਤਾ। ਇਸ ਦੀ ਸ਼ਿਕਾਇਤ ਮਿਲੀ ਤਾਂ ਪੁਲਸ ਨੇ ਜਾਂਚ ਵਿੱਚ ਪਾਇਆ ਕਿ ਦੋਸ਼ੀ ਪਤੀ ਨੇ ਆਪਣਾ ਇਲਾਜ ਕਰਾ ਕੇ ਘਰ ਵਸਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਦੇ ਬਾਅਦ ਸੱਸ-ਸਹੁਰੇ ਅਤੇ ਪਤੀ ਦੇ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ।

ਜਲੰਧਰ ਦੀ ਵਸਨੀਕ ਲੜਕੀ ਨੇ ਕਿਹਾ ਕਿ ਦਸੰਬਰ 2019 ਵਿੱਚ ਉਸ ਦਾ ਵਿਆਹ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਦੇ ਵਸਨੀਕ ਨੌਜਵਾਨ ਨਾਲ ਹੋਇਆ ਤਾਂ ਵਿਆਹ ਦੇ ਬਾਅਦ ਪਤੀ ਆਪਣੀ ਮਾਂ ਦੇ ਕਮਰੇ ਵਿੱਚ ਸੌਂਦਾ ਸੀ। ਇੱਕ ਮਹੀਨੇ ਬਾਅਦ ਪਤੀ ਨੌਕਰੀ ਲਈ ਹਿਮਾਚਲ ਵਿੱਚ ਦੂਸਰੀ ਜਗ੍ਹਾ ਚਲਾ ਗਿਆ। ਚਾਰ ਮਹੀਨੇ ਬਾਅਦ ਵੀ ਉਸ ਦੇ ਅਤੇ ਉਸ ਦੇ ਪਤੀ ਦੇ ਸੰਬੰਧ ਨਹੀਂ ਬਣੇ। ਜਦ ਵੀ ਉਹ ਪਤੀ ਨਾਲ ਫੋਨ ਉੱਤੇ ਇਸ ਬਾਰੇ ਗੱਲ ਕਰਦੀ ਤਾਂ ਉਹ ਕੋਈ ਨਾ ਕੋਈ ਬਹਾਨਾ ਬਣਾ ਕੇ ਫੋਨ ਕੱਟ ਦਿੰਦਾ ਸੀ। ਦੋ ਮਹੀਨੇ ਬਾਅਦ ਪਤੀ ਘਰ ਮੁੜਿਆ ਤਾਂ ਉਸ ਨੇ ਪਤੀ ਦਾ ਮੋਬਾਈਲ ਚੈਕ ਕੀਤਾ। ਉਸ ਵਿੱਚ ਇਤਰਾਜ਼ਯੋਗ ਚੈਟਿੰਗ ਦੇਖੀ ਤਾਂ ਪਤੀ ਨਾਲ ਗੱਲ ਕੀਤੀ। ਉਸ ਨੇ ਕਿਹਾ ਕਿ ਉਸ ਦੇ ਦੋਸਤਾਂ ਨਾਲ ਸੰਬੰਧ ਹਨ, ਜੋ ਇਸ ਦੀ ਇੱਛਾ ਪੂਰੀ ਕਰਦੇ ਹਨ। ਸੱਸ ਨੂੰ ਦੱਸਿਆ ਤਾਂ ਜਵਾਬ ਮਿਲਿਆ ਕਿ ਬੇਟੇ ਦਾ ਇਲਾਜ ਕਰਾ ਰਹੇ ਹਾਂ। ਲੜਕੀ ਨੇ ਪੇਕਿਆਂ ਨੂੰ ਦੱਸਿਆ ਤਾਂ ਪਿਤਾ ਨੇ ਉਸ ਦਾ ਫਰਟੀਲਿਟੀ ਸੈਂਟਰ ਤੋਂ ਟੈਸਟ ਕਰਵਾਇਆ, ਜਿਸ ਪਿੱਛੋਂ ਉਸ ਦੇ ਸਹੁਰੇ ਉਸ ਨਾਲ ਨਾਰਾਜ਼ ਰਹਿਣ ਲੱਗੇ। ਪੁਲਸ ਜਾਂਚ ਵਿੱਚ ਪਤਾ ਲੱਗਾ ਕਿ ਪਤੀ ਨੇ ਆਪਣਾ ਇਲਾਜ ਕਰਵਾ ਕੇ ਘਰ ਵਸਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਦੇ ਬਾਅਦ ਉਨ੍ਹਾਂ ਨੇ ਦੋਸ਼ੀ ਪਤੀ ਅਤੇ ਸੱਸ-ਸਹੁਰੇ ਖਿਲਾਫ ਕੇਸ ਦਰਜ ਕਰ ਲਿਆ।

## ਕਤਲ ਦੇ ਦੋਸ਼ੀ ਸਜ਼ਾਯਾਫਤਾ ਮੁਜਰਿਮ ਵੱਲੋਂ ਫਾਹਾ ਲਾ ਕੇ ਖੁਦਕੁਸ਼ੀ

ਚੰਡੀਗੜ੍ਹ, 28 ਫਰਵਰੀ (ਪੋਸਟ ਬਿਊਰੋ)- ਕਤਲ ਕੇਸ ਵਿੱਚ ਸਜ਼ਾ ਯਾਫਤਾ ਮੁਜਰਿਮ ਨੇ ਕੱਲ੍ਹ ਆਪਣੇ ਘਰ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ। ਉਸ ਦੀ ਪਛਾਣ ਮੌਲੀਗਾਜਰਾਂ ਦੀ ਭੂਤ ਕਾਲੋਨੀ ਦੇ ਸੁਨੀਲ ਕੁਮਾਰ ਵਜੋਂਹੋਈ ਹੈ।

ਪੁਲਸ ਦੇ ਅਨੁਸਾਰ ਸੁਨੀਲ ਕੁਮਾਰ (33 ਸਾਲ) ਸਫੈਦੀ ਕਰਨ ਦਾ ਕੰਮ ਕਰਦਾ ਅਤੇ ਭੂਤ ਕਾਲੋਨੀ ਵਿੱਚ ਆਪਣੀ ਪਤਨੀ ਅਤੇ ਦੋ ਬੱਚਿਆਂ ਨਾਲ ਰਹਿੰਦਾ ਸੀ। ਸਾਲ 2013 ਵਿੱਚ ਉਸ ਉੱਤੇ ਇੰਡਸਟਰੀਅਲ ਏਰੀਆ ਥਾਣੇ ਵਿਚ ਕਤਲ ਦਾ ਕੇਸ ਦਰਜ ਹੋਇਆ ਸੀ, ਜਿਸ ਵਿੱਚ ਉਸ ਨੂੰ ਸਾਲ 2015 ਵਿੱਚ ਉਮਰ ਕੈਦ ਦੀ ਸਜ਼ਾ ਹੋਈ ਸੀ। 2015 ਤੋਂ ਮ੍ਰਿਤਕ ਬੁੜੈਲ ਜੇਲ੍ਹ ਵਿੱਚ ਬੰਦ ਸੀ ਅਤੇ 2020 ਵਿੱਚ ਲਾਕਡਾਊਨ ਦੇ ਦੌਰਾਨ ਉਹ ਪੈਰੋਲ ਉੱਤੇ ਘਰ ਆਇਆ ਸੀ। ਲਾਕਡਾਊਨ ਦੌਰਾਨ ਉਸ ਨੂੰ ਸ਼ਰਾਬ ਪੀਣ ਦੀ ਆਦਤ ਪੈ ਗਈ। ਕੁਝ ਦਿਨਾਂ ਵਿੱਚ ਉਸ ਦੀ ਪੈਰੋਲ ਖਤਮ ਹੋ ਰਹੀ ਸੀ ਤੇ ਵਾਪਸ ਜੇਲ੍ਹ ਵਿੱਚ ਜਾਣਾ ਸੀ। ਕੱਲ੍ਹ ਸਵੇਰੇ ਲਗਭਗ 11 ਵਜੇ ਜਦ ਉਸ ਦੀ ਪਤਨੀ ਅਤੇ ਬੱਚੇ ਕਮਰੇ ਦੇ ਬਾਹਰ ਬੈਠੇ ਸਨ ਤਾਂ ਉਸ ਨੇ ਆਪਣੇ ਘਰ ਫਾਂਸੀ ਲਗਾ ਕੇ ਆਤਮਹੱਤਿਆ ਕਰ ਲਈ।

## ਆਪਣੇ ਹੀ ਸਕੂਲ ਦੀ ਵੈਨ ਹੇਠ ਆਉਣ ਕਾਰਨ ਬੱਚੇ ਦੀ ਮੌਤ

ਖੇਮਕਰਨ, 28 ਫਰਵਰੀ (ਪੋਸਟ ਬਿਊਰੋ)- ਥਾਣਾ ਖੇਮਕਰਨ ਦੇ ਪਿੰਡ ਦੂਹਲ ਕੋਹਨਾ ਵਿੱਚ ਦੁਪਹਿਰ ਵੇਲੇ ਸਕੂਲ ਤੋਂ ਵਾਪਸੀ ਉੱਤੇ ਇੱਕ ਸਕੂਲ ਦੀ ਵੈਨ ਵਿੱਚੋਂ ਉਤਰਦੇ ਸਮੇਂ ਹੇਠਾਂ ਆਉਣ ਕਾਰਨ ਇੱਕ ਬੱਚੇ ਦੀ ਮੌਤ ਹੋ ਗਈ, ਜਿਹੜਾ ਦੋ ਭੈਣਾਂ ਦਾ ਇਕਲੌਤਾ ਭਰਾ ਸੀ। ਇੱਕ ਹੋਰ ਬੱਚਾ ਜ਼ਖਮੀ ਹੋ ਗਿਆ। ਨਜ਼ਦੀਕੀ ਪਿੰਡ ਆਸਲ ਉਤਾੜ ਵਿੱਚ ਇੱਕ ਨਿੱਜੀ ਸਕੂਲ ਵਿੱਚ ਪੜ੍ਹ ਰਹੇ ਬੱਚਿਆਂ ਨੂੰ ਪਿੰਡ ਦੂਹਲ ਕੋਹਨਾ ਵਿੱਚੋਂ ਇੱਕ ਵੈਨ ਰੋਜ਼ ਲੈ ਕੇ ਜਾਂਦੀ ਹੈ। ਕੱਲ੍ਹ ਸਕੂਲ ਤੋਂ ਵਾਪਸੀ ਸਮੇਂ ਵੈਨ ਵਿੱਚੋਂ ਉਤਰਦੇ ਵਕਤ ਇੱਕ ਬੱਚੇ ਮਹਿਤਾਬ ਸਿੰਘ (6) ਪੁੱਤਰ ਸਰਵਨ ਸਿੰਘ ਦੀ ਵੈਨ ਹੇਠਾਂ ਆਉਣ ਕਾਰਨ ਮੌਕੇ ਉੱਤੇ ਮੌਤ ਹੋ ਗਈ ਤੇ ਇੱਕ ਹੋਰ ਬੱਚਾ ਗੁਰਨੂਰ ਸਿੰਘ (6) ਪੁੱਤਰ ਅਵਤਾਰ ਸਿੰਘ ਜ਼ਖਮੀ ਹੋ ਗਿਆ। ਪਿੰਡ ਵਿੱਚ ਚਰਚਾ ਹੈ ਕਿ ਵੈਨ ਦੀ ਹਾਲਤ ਖਸਤਾ ਤੇ ਖਰਾਬ ਹੈ, ਜਿਸ ਦੀ ਹਾਲਤ ਸੁਧਾਰਨ ਵੱਲ ਇਤਰਾਜ਼ ਦੇ ਬਾਵਜੂਦ ਧਿਆਨ ਨਹੀਂ ਦਿੱਤਾ ਗਿਆ। ਪਿੰਡ ਦੇ ਸਰਪੰਚ ਅਵਤਾਰ ਸਿੰਘ ਨੇ ਕਿਹਾ ਕਿ ਪੀੜਤ ਪਰਵਾਰ ਵੈਨ ਡਰਾਈਵਰ ਉੱਤੇ ਕਾਨੂੰਨੀ ਕਾਰਵਾਈ ਨਹੀਂ ਕਰਾਉਣਾ ਚਾਹੁੰਦੇ। ਏ ਐਸ ਆਈ ਦਿਲਬਾਗ ਸਿੰਘ ਨੇ ਦੱਸਿਆ ਕਿ ਘਟਨਾ ਦੀ ਜਾਂਚ ਜਾਰੀ ਹੈ।

## ਲੜਕੀ ਦੀ ਬਰਥਡੇ ਪਾਰਟੀ ਵਿੱਚ ਗਏ ਲੜਕੇ ਦੀ ਲਾਸ਼ ਨਹਿਰ ਵਿੱਚੋਂ ਮਿਲੀ

ਫਾਜ਼ਿਲਕਾ, 28 ਫਰਵਰੀ (ਪੋਸਟ ਬਿਊਰੋ)- ਲੜਕੀ ਦੀ ਬਰਥਡੇਅ ਪਾਰਟੀ ਵਿੱਚ ਗਏ ਪਿੰਡ ਸੱਦਾ ਸਿੰਘ ਦੇ ਨੌਜਵਾਨ ਦੀ ਲਾਸ਼ ਸਰਹੱਦੀ ਪਿੰਡ ਰੇਤੇਵਾਲੀ ਭੈਣੀ ਵਿੱਚ ਸਤਲੁਜ ਦਰਿਆ ਵਿੱਚੋਂ ਮਿਲੀ ਹੈ। ਪੰਚਾਇਤ ਢਾਣੀ ਸੱਦਾ ਸਿੰਘ ਦੇ ਸਰਪੰਚ ਛਿੰਦਰ ਸਿੰਘ ਨੇ ਦੱਸਿਆ ਕਿ ਅੰਗਰੇਜ਼ ਸਿੰਘ ਉਸ ਦਾ ਭਤੀਜਾ ਸੀ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੰਗੜ ਭੈਣੀ ਦਾ 12ਵੀਂ ਦਾ ਵਿਦਿਆਰਥੀ ਸੀ। 25 ਜਨਵਰੀ ਦੀ ਰਾਤ ਨੂੰ ਕਰੀਬ ਅੱਠ ਵਜੇ ਉਸ ਦੇ ਭਤੀਜੇ ਦੇ ਮੋਬਾਈਲ ਉੱਤੇ ਕਿਸੇ ਲੜਕੀ ਦਾ ਫੋਨ ਆਇਆ। ਇਸ ਦੇ ਬਾਅਦ ਅੰਗਰੇਜ਼ ਸਿੰਘ ਘਰੋਂ ਚਲਾ ਗਿਆ, ਪਰ ਰਾਤ ਘਰ ਨਹੀਂ ਆਇਆ। ਉਨ੍ਹਾਂ ਨੇ ਉਸ ਨੂੰ ਲੱਭਿਆ, ਪਰ ਕੁਝ ਪਤਾ ਨਹੀਂ ਲੱਗਾ। ਫਿਰ ਪੁਲਸ ਨੂੰ ਸੂਚਨਾ ਦਿੱਤੀ। ਚਾਚੇ ਦਾ ਦੋਸ਼ ਹੈ ਕਿ ਅੰਗਰੇਜ਼ ਸਿੰਘ ਦੇ ਆਉਣ ਦੀ ਭਿਣਕ ਲੜਕੀ ਦੇ ਪਰਵਾਰ ਨੂੰ ਲੱਗ ਚੁੱਕੀ ਸੀ, ਇਸ ਲਈ ਉਨ੍ਹਾਂ ਨੇ ਉਸ ਨੂੰ ਅਗਵਾ ਕਰ ਲਿਆ ਅਤੇ ਉਨ੍ਹਾਂ ਉੱਤੇ ਕਤਲ ਦਾ ਸ਼ੱਕ ਹੈ। ਛਿੰਦਰ ਸਿੰਘ ਨੇ ਦੱਸਿਆ ਕਿ ਭਤੀਜਾ ਲੜਕੀ ਦੇ ਘਰ ਜਾਣ ਤੋਂ ਪਹਿਲਾਂ ਪਿੰਡ ਮਹਾਤਮ ਨਗਰ ਤੋਂ ਆਪਣੇ ਦੋਸਤ ਨੂੰ ਨਾਲ ਲਿਜਾਣ ਲਈ ਉਸ ਦੇ ਘਰ ਗਿਆ, ਪਰ ਦੋਸਤ ਦੀ ਮਾਂ ਨੇ ਆਪਣੇ ਬੇਟੇ ਨੂੰ ਰਾਤ ਹੋਣ ਦੇ ਕਾਰਨ ਭੇਜਣ ਤੋਂ ਮਨ੍ਹਾ ਕਰ ਦਿੱਤਾ। ਇਸ ਦੇ ਬਾਅਦ ਅੰਗਰੇਜ਼ ਸਿੰਘ ਇਕੱਲਾ ਲੜਕੀ ਦੇ ਘਰ ਰਾਮ ਸਿੰਘ ਭੈਣੀ ਚਲਾ ਗਿਆ। ਲੜਕੇ ਦੇ ਪਰਵਾਰ ਦਾ ਦੋਸ਼ ਹੈ ਕਿ ਅੰਗਰੇਜ਼ ਸਿੰਘ ਦੇ ਆਉਣ ਦੀ ਸੂਚਨਾ ਪਹਿਲਾਂ ਤੋਂ ਕਿਸੇ ਨੇ ਲੜਕੀ ਦੇ ਪਰਵਾਰ ਨੂੰ ਦੇ ਦਿੱਤੀ, ਜਿਸ ਕਾਰਨ ਉਸ ਨੂੰ ਰਾਤ ਨੌਂ ਵਜੇ ਦੇ ਕਰੀਬ ਚੁੱਕ ਲਿਆ ਗਿਆ। ਲੜਕਾ-ਲੜਕੀ ਇੱਕੋ ਸਕੂਲ ਵਿੱਚ ਪੜ੍ਹਦੇ ਸਨ।

## ਕਰਜ਼ੇ ਤੋਂ ਪ੍ਰੇਸ਼ਾਨ ਦੋ ਕਿਸਾਨਾਂ ਵੱਲੋਂ ਖੁਦਕੁਸ਼ੀ

ਕਲਾਨੌਰ, 28 ਫਰਵਰੀ (ਪੋਸਟ ਬਿਊਰੋ)- ਪਿੰਡ ਚੰਦੂਵਡਾਲਾ ਵਿਖੇ ਆਪਣੇ ਸਿਰ ਚੜ੍ਹੇ ਕਰਜ਼ੇ ਤੋਂ ਪ੍ਰੇਸ਼ਾਨ ਇੱਕ ਕਿਸਾਨ ਵੱਲੋਂ ਜ਼ਹਿਰੀਲੀ ਵਸਤੂ ਨਿਗਲ ਕੇ ਖੁਦਕੁਸ਼ੀ ਕਰ ਲੈਣ ਦੀ ਖਬਰ ਹੈ। ਮ੍ਰਿਤਕ ਕੁਲਵਿੰਦਰ ਸਿੰਘ ਪੁੱਤਰ ਮਲੂਕ ਸਿੰਘ ਦੇ ਲੜਕੇ ਦਵਿੰਦਰ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਸਿਰ ਵੱਖ-ਵੱਖ ਬੈਂਕਾਂ ਦਾ ਚਾਰ-ਪੰਜ ਲੱਖ ਦੇ ਕਰੀਬ ਕਰਜ਼ਾ ਸੀ ਤੇ ਜਦੋਂ ਪੰਜਾਬ ਵਿੱਚ ਕਰਜ਼ਾ ਮੁਆਫੀ ਦੀ ਸਕੀਮ ਆਈ ਤਾਂ ਉਨ੍ਹਾਂ ਦੇ ਪਿਤਾ ਨੇ ਕਈ ਵਾਰ ਬੈਂਕਾਂ ਦੇ ਚੱਕਰ ਕੱਟੇ, ਪਰ ਕਰਜ਼ਾ ਮੁਆਫ ਨਹੀਂ ਹੋਇਆ।ਦਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪਿਤਾ ਕਰਜ਼ੇ ਦੇ ਬੋਝ ਕਾਰਨ ਪਰੇਸ਼ਾਨ ਰਹਿਣ ਲੱਗ ਪਿਆ, ਜਿਸ ਕਾਰਨ ਉਸ ਨੇ ਕੋਈ ਜ਼ਹਿਰੀਲੀ ਵਸਤੂ ਖਾ ਲਈ। ਗੰਭੀਰ ਹਾਲਤ ਵਿੱਚ ਕੁਲਵਿੰਦਰ ਸਿੰਘ ਨੂੰ



ਕਲਾਨੌਰ ਲਿਆਂਦਾ ਗਿਆ, ਜਿੱਥੇ ਉਸ ਦੀ ਹਾਲਤ ਨਾਜ਼ੁਕ ਹੋਣ ਕਾਰਨ ਇਲਾਜ ਲਈ ਗੁਰਦਾਸਪੁਰ ਲਿਜਾਇਆ ਜਾ ਰਿਹਾ ਸੀ ਤਾਂ ਉਸ ਦੀ ਰਸਤੇ ਵਿੱਚ ਮੌਤ ਹੋ ਗਈ। ਕੁਲਵਿੰਦਰ ਸਿੰਘ ਦੀ ਪਤਨੀ ਦੀ ਵੀ ਮੌਤ ਹੋ ਚੁੱਕੀ ਹੈ।

ਇਸ ਦੌਰਾਨ ਖਡੂਰ ਸਾਹਿਬ ਤਹਿਸੀਲ ਵਿੱਚ ਥਾਣਾ ਵੈਰੋਵਾਲ ਹੇਠਲੇ ਪਿੰਡ ਦਾਰਾਪੁਰ ਵੈਰੋਵਾਲ ਦੇ ਸਰਬਜੀਤ ਸਿੰਘ (55) ਪੁੱਤਰ ਨਰਿੰਦਰ ਸਿੰਘ ਨੇਵੀ ਕਰਜ਼ੇ ਦੇ ਬੋਝ ਕਾਰਨ ਖੁਦਕੁਸ਼ੀ ਕਰ ਲਈ ਹੈ। ਮ੍ਰਿਤਕ ਕਿਸਾਨ ਦੇ ਭਰਾ ਹਰਵਿੰਦਰ ਸਿੰਘ ਹੈਪੀ ਗਿੱਲ ਨੇ ਦੱਸਿਆ ਕਿ ਮ੍ਰਿਤਕ ਦੇ ਸਿਰ ਲਗਭਗ ਤੀਹ ਲੱਖ ਦੇ ਕਰੀਬ ਬੈਂਕਾਂ ਅਤੇ ਆੜ੍ਹਤੀਆਂ ਦਾ ਕਰਜ਼ਾ ਸੀ, ਜੋ ਉਸ ਦੀ ਪਤਨੀ ਦੀ ਲੰਮੀ ਬੀਮਾਰੀ ਕਾਰਨ ਚੜ੍ਹਿਆ ਸੀ। ਉਨ੍ਹਾਂ ਦੱਸਿਆ ਕਿ ਤਿੰਨ ਸਾਲ ਪਹਿਲਾਂ ਪਤਨੀ ਦੀ ਮੌਤ ਹੋ ਜਾਣ ਪਿੱਛੋਂ ਸਰਬਜੀਤ ਸਦਮੇ ਵਿੱਚ ਸੀ ਤੇ ਕੱਲ੍ਹ ਉਸ ਨੇ ਪੌੜੀਆਂ ਦੀ ਗਰਿੱਲ ਨਾਲ ਫਾਹਾ ਲੈ ਕੇ ਆਤਮ ਹੱਤਿਆ ਕਰ ਲਈ। ਕਿਸਾਨ ਆਗੂ ਲਖਬੀਰ ਸਿੰਘ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਮ੍ਰਿਤਕ ਕਿਸਾਨ ਦਾ ਸਾਰਾ ਕਰਜ਼ਾ ਮੁਆਫ ਕੀਤਾ ਜਾਵੇ ਤੇ ਪਰਵਾਰ ਨੂੰ ਬਣਦਾ ਯੋਗ ਮੁਆਵਜ਼ਾ ਦਿੱਤਾ ਜਾਵੇ।

# ਓਪੀਨੀਅਨ ਪੋਲ ਦਾ ਦਾਅਵਾ : ਬੰਗਾਲ ਵਿੱਚ ਮਮਤਾ ਬੈਨਰਜੀ ਤੀਸਰੀ ਵਾਰ ਸਰਕਾਰ ਬਣਾਏਗੀ

## * ਆਸਾਮ ਵਿੱਚ ਭਾਜਪਾ ਫਿਰ ਜਿੱਤਣ ਦੇ ਅੰਦਾਜ਼ੇ * ਤਾਮਿਲ ਨਾਡੂ ਵਿੱਚ ਸਟਾਲਿਨ ਦਾ ਜਾਦੂ, ਕੇਰਲ ਵਿੱਚ ਫਿਰ ਲਾਲ ਝੰਡਾ

ਨਵੀਂ ਦਿੱਲੀ, 28 ਫਰਵਰੀ (ਪੋਸਟ ਬਿਊਰੋ)- ਪੱਛਮੀ ਬੰਗਾਲ ਸਮੇਤ ਪੰਜ ਰਾਜਾਂ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਦੀਆਂ ਤਰੀਕਾਂ ਦੇ ਐਲਾਨ ਤੋਂ ਇੱਕ ਦਿਨ ਬਾਅਦ ਇੱਕ ਟੀ ਵੀ ਚੈਨਲ ਦੇ ਓਪੀਨੀਅਨ ਪੋਲ ਵਿੱਚ ਪੰਜ ਰਾਜਾਂ ਦੇ ਸਿਆਸੀ ਰੌਂਅਦਾ ਅੰਦਾਜ਼ਾ ਪੇਸ਼ ਕੀਤਾ ਗਿਆ ਹੈ, ਜਿਸ ਦੇ ਵੇਰਵੇ ਹੈਰਾਨ ਕਰਨ ਵਾਲੇ ਹਨ।



ਪੱਛਮੀ ਬੰਗਾਲ ਵਿੱਚ ਤ੍ਰਿਣਮੂਲ ਕਾਂਗਰਸ ਇੱਕ ਵਾਰ ਫਿਰ ਸਰਕਾਰ ਬਣਾਉਂਦੀ ਨਜ਼ਰ ਆ ਰਹੀ ਹੈ। ਉਸ ਦੀਆਂ ਕੁਝ ਸੀਟਾਂ ਘਟਣਗੀਆਂ, ਪਰ ਮਮਤਾ ਬੈਨਰਜੀ ਤੀਸਰੀ ਵਾਰ ਸਰਕਾਰ ਬਣਾ ਲਵੇਗੀ। ਪੁਡੂਚੇਰੀ ਵਿੱਚ ਭਾਜਪਾ ਲਈ ਚੰਗੇ ਹਾਲਾਤ ਹਨ ਅਤੇ ਉਥੇ ਪਹਿਲੀ ਵਾਰ ਸਰਕਾਰ ਬਣਾ ਸਕਦੀ ਹੈ। ਤਾਮਿਲ ਨਾਡੂ ਵਿੱਚ ਸੱਤਾ ਤਬਦੀਲੀ ਹੋ ਸਕਦੀ ਹੈ। ਉਥੇ ਡੀ ਐਮ ਕੇ ਦੇ ਸਟਾਲਿਨ ਦਾ ਉਭਾਰ ਜਾਪਦਾ ਹੈ। ਕੇਰਲ ਵਿੱਚ ਇੱਕ ਵਾਰ ਫਿਰ ਖੱਬੇ ਪੱਖੀ ਸਰਕਾਰ ਬਣ ਸਕਦੀ ਹੈ।

ਇਸ ਸਰਵੇਖਣ ਮੁਤਾਬਕ ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਲਗਾਤਾਰ ਤੀਸਰੀ ਵਾਰ ਮੁੱਖ ਮੰਤਰੀ ਬਣ ਸਕਦੀ ਹੈ। ਉਥੇ 294 ਸੀਟਾਂ ਵਾਲੀ ਵਿਧਾਨ ਸਭਾ ਵਿੱਚ ਤ੍ਰਿਣਮੂਲ ਕਾਂਗਰਸ ਨੂੰ 148 ਤੋਂ 164 ਤੱਕ ਸੀਟਾਂ ਮਿਲਣ ਦਾ ਅੰਦਾਜ਼ਾ ਹੈ। ਪਿਛਲੀ ਵਾਰ ਤਿੰਨ ਸੀਟਾਂ ਜਿੱਤਣ ਵਾਲੀ ਭਾਜਪਾ ਨੂੰ ਜ਼ਬਰਦਸਤ ਲਾਭ ਹੋ ਰਿਹਾ ਹੈ, ਪਰ ਸੱਤਾ ਵਿੱਚ ਆਉਣ ਦਾ ਉਸ ਦਾ ਸੁਫਨਾ ਪੂਰਾ ਹੁੰਦਾ ਨਹੀਂ ਜਾਪਦਾ। ਭਾਜਪਾ ਨੂੰ 92 ਤੋਂ 108 ਸੀਟਾਂ ਮਿਲ ਸਕਦੀਆਂ ਹਨ। ਖੱਬੇ ਪੱਖੀਆਂ ਅਤੇ ਕਾਂਗਰਸ ਦੇ ਗਠਜੋੜ ਦੇ ਖਾਤੇ ਵਿੱਚਮਸਾਂ 31 ਤੋਂ 39 ਸੀਟਾਂ ਆ ਸਕਦੀਆਂ ਹਨ। ਤ੍ਰਿਣਮੂਲ ਕਾਂਗਰਸ ਨੂੰ 43 ਫੀਸਦੀ, ਭਾਜਪਾ ਨੂੰ 38 ਫੀਸਦੀ ਅਤੇ ਖੱਬੇ ਪੱਖੀ-ਕਾਂਗਰਸ ਗਠਜੋੜ ਨੂੰ 13 ਫੀਸਦੀ ਵੋਟਾਂ ਮਿਲ ਸਕਦੀਆਂ ਹਨ।

ਨੇੜਲੇ ਰਾਜ ਆਸਾਮ ਵਿੱਚ 126 ਮੈਂਬਰੀ ਵਿਧਾਨ ਸਭਾ ਵਿੱਚ ਭਾਜਪਾ ਨੂੰ ਸਪੱਸ਼ਟ ਬਹੁਮਤ ਮਿਲ ਸਕਦਾ ਹੈ ਅਤੇ ਪਾਰਟੀ 68 ਤੋਂ 76 ਸੀਟਾਂ ਲੈ ਸਕਦੀ ਹੈ। ਕਾਂਗਰਸ ਦੇ ਗਠਜੋੜ ਨੂੰ 43 ਤੋਂ 51 ਸੀਟਾਂ ਮਿਲ ਸਕਦੀਆਂ ਹਨ। ਹੋਰਨਾਂ ਦੇਖਾਤੇ ਵਿੱਚ ਪੰਜ ਤੋਂ 10 ਸੀਟਾਂ ਜਾ ਸਕਦੀਆਂ ਹਨ।

ਤਾਮਿਲ ਨਾਡੂ ਵਿੱਚ ਇਸ ਵਾਰ ਸੱਤਾ ਬਦਲੀਕਾਰਨ ਅੰਨਾ ਡੀ ਐਮ ਕੇ-ਭਾਜਪਾ ਗਠਜੋੜ ਨੂੰ 58 ਤੋਂ 66 ਸੀਟਾਂ ਨਾਲ ਹਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਓਥੇ ਵਿਧਾਨ ਸਭਾ ਦੀਆਂ 234 ਸੀਟਾਂ ਵਿੱਚੋਂ ਡੀ ਐਮ ਕੇ-ਕਾਂਗਰਸ ਦੇ ਗਠਜੋੜ ਨੂੰ 154 ਤੋਂ 162 ਸੀਟਾਂ ਮਿਲ ਸਕਦੀਆਂ ਅਤੇ ਹੋਰਨਾਂ ਨੂੰ ਅੱਠ ਤੋਂ ਵੀਹ ਸੀਟਾਂ ਮਿਲਣ ਦੀ ਆਸ ਹੈ।

ਕੇਰਲ ਵਿੱਚ ਲੈਫਟ ਫਰੰਟ ਆਪਣਾ ਗੜ੍ਹ ਬਚਾ ਸਕਦਾ ਹੈ। 140 ਮੈਂਬਰੀ ਕੇਰਲ ਵਿਧਾਨ ਸਭਾ ਵਿੱਚ ਲੈਫਟ-ਡੈਮੋਕ੍ਰੇਟਿਕ ਫਰੰਟ 90 ਦੇ ਕਰੀਬ ਸੀਟਾਂ ਜਿੱਤ ਸਕਦਾ ਹੈ।

ਕੇਂਦਰੀ ਸ਼ਾਸਤ ਪ੍ਰਦੇਸ਼ ਪੁੱਡੂਚੇਰੀ ਵਿੱਚ ਭਾਜਪਾ ਪਹਿਲੀ ਵਾਰ ਸਰਕਾਰ ਬਣਾ ਸਕਦੀ ਹੈ। ਤੀਹ ਮੈਂਬਰੀ ਵਿਧਾਨ ਸਭਾ ਵਿੱਚ ਭਾਜਪਾ ਦੇ ਖਾਤੇ ਵਿੱਚ 17 ਤੋਂ 21 ਸੀਟਾਂ ਆ ਸਕਦੀਆਂ ਹਨ। ਕਾਂਗਰਸ ਨੂੰ ਅੱਠ ਤੋਂ 12 ਸੀਟਾਂ ਮਿਲਣ ਦੀ ਆਸ ਹੈ ਅਤੇ ਹੋਰਨਾਂ ਦੇ ਖਾਤੇ ਵਿੱਚ ਇੱਕ ਤੋਂ ਤਿੰਨ ਸੀਟਾਂ ਜਾਣਗੀਆਂ।

# ਜਸਟਿਸ ਰੰਜਨ ਗੋਗੋਈ ਖਿਲਾਫ ਮਾਣਹਾਨੀ ਕੇਸ ਦੀ ਆਗਿਆ ਦੇਣ ਤੋਂ ਏ ਜੀ ਦਾ ਇਨਕਾਰ

ਨਵੀਂ ਦਿੱਲੀ, 28 ਫਰਵਰੀ (ਪੋਸਟ ਬਿਊਰੋ)- ਭਾਰਤ ਦੇ ਸਾਬਕਾ ਚੀਫ ਜਸਟਿਸ ਤੇ ਰਾਜ ਸਭਾ ਮੈਂਬਰ ਰੰਜਨ ਗੋਗੋਈ ਦੇ ਖਿਲਾਫ ਉਨ੍ਹਾਂ ਵੱਲੋਂ ਸੁਪਰੀਮ ਕੋਰਟ ਦੇ ਖਿਲਾਫ ਕੀਤੀਆਂ ਟਿੱਪਣੀਆਂ ਬਾਰੇ ਮਾਣਹਾਨੀ ਕੇਸ ਚਲਾਉਣ ਦੀ ਆਗਿਆ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਨਹੀਂ ਦਿੱਤੀ।



ਸੋਸ਼ਲ ਵਰਕਰ ਸਾਕੇਤ ਗੋਖਲੇ ਨੇ ਦੇਸ਼ ਦੇ ਸਭ ਤੋਂ ਵੱਡੇ ਕਾਨੂੰਨ ਅਧਿਕਾਰੀ ਕੇ ਕੇ ਵੇਣੂਗੋਪਲਾ ਤੋਂ ਭਾਰਤ ਦੇ ਸਾਬਕਾ ਚੀਫ ਜਸਟਿਸ ਰੰਜਨ ਗੋਗੋਈ ਦੇ ਖਿਲਾਫ ਮਾਣਹਾਨੀ ਕੇਸ ਚਲਾਉਣ ਦੀ ਆਗਿਆ ਮੰਗੀ ਸੀ, ਜੋ ਇਹੋ ਜਿਹੀ ਕਾਰਵਾਈ ਸ਼ੁਰੂ ਕਰਨ ਲਈ ਜ਼ਰੂਰੀ ਹੈ। ਵਰਨਣ ਯੋਗ ਹੈ ਕਿ ਸਾਬਕਾ ਚੀਫ ਜਸਟਿਸ ਨੇ ਇੱਕ ਸਮਾਗਮ ਵਿੱਚ ਕਿਹਾ ਸੀ ਕਿ ਭਾਰਤ ਵਿੱਚ ਨਿਆਂਪਾਲਿਕਾ ਦੀ ਵਿਵਸਥਾ ਲੜਖੜਾ ਗਈ ਹੈ ਅਤੇ ਕਿਸੇ ਵਿਅਕਤੀ ਲਈ ਸਮਾਂ ਰਹਿੰਦਿਆਂ ਨਿਆਂ ਪ੍ਰਾਪਤ ਕਰਨਾ ਮੁਸ਼ਕਲ ਹੈ। ਵੇਣੂਗੋਪਾਲ ਨੇ ਕਿਹਾ ਕਿ ਭਾਵੇਂ ਸਾਬਕਾ ਚੀਫ ਜਸਟਿਸ ਦਾ ਬਿਆਨ ਕਾਫੀ ਤਿੱਖਾ ਸੀ, ਪਰ ਇਹ ਨਿਆਂਪਾਲਿਕਾ ਵਿੱਚ ਖ਼ਾਮੀਆਂ ਬਾਰੇ ਉਨ੍ਹਾਂ ਦੇ ਨਿੱਜੀ ਵਿਚਾਰ ਸਨ।

# ਕੋਰੋਨਾ ਦੇ ਕਹਿਰ ਬਾਰੇ ਨਿਰਦੇਸ਼ਾਂ ਦੀ ਉਲੰਘਣਾ ਕਰਨ ਵਾਲਿਆਂ ਉੱਤੇ ਸਖਤੀ ਕਰਨ ਦੇ ਹੁਕਮ

## * ਪੰਜਾਬ ਸਮੇਤ ਅੱਠ ਰਾਜਾਂ ਦੇ ਚੀਫ ਸੈਕਟਰੀਆਂ ਨਾਲ ਉਚ ਪੱਧਰੀ ਬੈਠਕ

ਨਵੀਂ ਦਿੱਲੀ, 28 ਫਰਵਰੀ (ਪੋਸਟ ਬਿਊਰੋ)- ਕੈਬਨਿਟ ਸੈਕਟਰੀ ਰਾਜੀਵ ਗੌਬਾ ਨੇ ਕੱਲ੍ਹ ਤੇਲੰਗਾਨਾ, ਮਹਾਰਾਸ਼ਟਰ, ਪੰਜਾਬ,ਛੱਤੀਸਗੜ੍ਹ, ਮੱਧ ਪ੍ਰਦੇਸ਼, ਗੁਜਰਾਤ, ਪੱਛਮੀ ਬੰਗਾਲ ਅਤੇ ਜੰਮੂ ਕਸ਼ਮੀਰ ਦੇ ਚੀਫਸੈਕਟਰੀਆਂ ਨਾਲ ਕੋਰੋਨਾ ਦੇ ਵਧਦੇ ਕੇਸਾਂ ਦੀ ਸਮੀਖਿਆ ਕਰਨ ਲਈ ਉਚ ਪੱਧਰੀ ਬੈਠਕ ਕੀਤੀ। ਇਸ ਉੱਚ ਪੱਧਰੀ ਮੀਟਿੰਗ ਦੌਰਾਨ ਇਨ੍ਹਾਂ ਰਾਜਾਂ ਵੱਲੋਂ ਕੀਤੀ ਜਾਂਦੀ ਨਿਗਰਾਨੀ ਨੂੰ ਘੱਟ ਨਾ ਕਰਨ, ਕੋਵਿਡ-ਸਹੀ ਵਿਹਾਰ ਲਾਗੂ ਕਰਨ ਅਤੇ ਉਲੰਘਣਾ ਕਰਨ ਵਾਲਿਆਂ ਦੇ ਨਾਲ ਸਖਤੀ ਨਾਲ ਨਜਿੱਠਣ ਦੀ ਸਲਾਹ ਦਿੱਤੀ ਗਈ ਹੈ। ਗੌਬਾ ਨੇ ਕਿਹਾ ਕਿ ਕੋਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਹਰ ਤਰ੍ਹਾਂ ਦੇ ਯਤਨ ਕੀਤੇ ਜਾਣ ਤਾਂ ਕਿ ਪਿਛਲੇ ਸਾਲ ਕੀਤੇ ਯਤਨਾਂ ਨਾਲ ਮਿਲੀ ਸਫਲਤਾ ਬੇਕਾਰ ਨਾ ਹੋ ਜਾਵੇ। ਉਨ੍ਹਾਂ ਕਿਹਾ ਕਿ ਸਾਰੇ ਰਾਜ ਮੁਸਤੈਦੀ ਨਾਲ ਸਖਤੀ ਵਰਤਣ ਤੇ ਨਿਯਮਾਂ ਦਾ ਪਾਲਣ ਕਰਾਉਣ। ਟੈਸਟਿੰਗ ਕੀਤੀ ਜਾਵੇ, ਨਿਰਦੇਸ਼ਾਂ ਦੀ ਪਾਲਣਾ ਯਕੀਨੀ ਹੋਵੇ ਅਤੇ ਉਲੰਘਣਾ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਇਸ ਦੇ ਨਾਲ ਰਾਜਾਂ ਨੂੰ ਕਿਹਾ ਗਿਆ ਕਿ ਜਿਨ੍ਹਾਂ ਜ਼ਿਲ੍ਹਿਆਂ ਵਿੱਚ ਜ਼ਿਆਦਾ ਕੇਸ ਦਰਜ ਕੀਤੇ ਜਾ ਰਹੇ ਹਨ, ਉਥੇ ਟੀਕਾਕਰਨ ਪਹਿਲ ਦੇ ਆਧਾਰ ਉੱਤੇ ਕੀਤਾ ਜਾਵੇ।

# ਕਤਲ ਹੋਈ ਦੱਸੀ ਗਈ ਔਰਤ ਜ਼ਿੰਦਾ ਪਰਤ ਆਈ

ਬਾਂਦਾ, 28 ਫਰਵਰੀ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇਬਾਂਦਾ ਜ਼ਿਲ੍ਹੇ ਦੇ ਜੱਸਪੁਰਾ ਥਾਣਾ ਖੇਤਰ ਵਿੱਚ ਅਜੀਬ ਮਾਮਲਾ ਸਾਹਮਣੇ ਆਇਆ ਹੈ। ਇੱਕ ਮ੍ਰਿਤਕ ਮੰਨੀ ਜਾ ਚੁੱਕੀ ਔਰਤ ਜ਼ਿੰਦਾ ਵਾਪਸ ਆ ਗਈ ਹੈ।

ਅਸਲ ਵਿੱਚ ਪੁਲਸ ਨੇ ਕੇਸ ਦਰਿਆ ਵਿੱਚੋਂ ਜਿਸ ਲਾਪਤਾ ਜੈ ਦੇਵੀ (25) ਦੀ ਲਾਸ਼ ਬਰਾਮਦ ਕੀਤੀ ਅਤੇ ਉਸ ਦਾ ਪੋਸਟਮਾਰਟਮ ਕਰਵਾਇਆ ਸੀ, ਉਹ ਕੱਲ੍ਹ ਥਾਣੇ ਪਹੁੰਚ ਗਈ। ਜੈ ਦੇਵੀ ਦੇ ਕਤਲ ਕੇਸ ਵਿੱਚ ਉਸ ਦੇ ਪਿਤਾ ਨੇ ਸਹੁਰੇ ਪਰਵਾਰ ਦੇ ਅੱਠ ਜੀਆਂ ਵਿਰੁੱਧ ਦਾਜ ਕਾਰਨ ਹੱਤਿਆ ਦਾ ਪਰਚਾ ਦਰਜ ਕਰਵਾਇਆ ਸੀ। ਪੋਸਟਮਾਰਟਮ ਦੀ ਰਿਪੋਰਟ ਵਿੱਚ ਧੌਣ ਘੁੱਟ ਕੇ ਉਸ ਦੀ ਹੱਤਿਆ ਕੀਤੇ ਜਾਣ ਦੀ ਪੁਸ਼ਟੀ ਹੋਈ ਸੀ।ਜੱਸਪੁਰਾ ਥਾਣੇ ਦੇ ਐਸ ਐਚ ਓ ਪੰਕਜ ਸਿੰਘ ਨੇ ਦੱਸਿਆ ਕਿ ਨਾਂਦਾ ਦੇਵ ਪਿੰਡ ਦੇ ਬਿਲੋੜੀ ਡੇਰੇ ਵਿੱਚ ਰਹਿੰਦੇ ਲਾਲ ਚੰਦ ਨਿਸ਼ਾਦ ਦੀ 20 ਫਰਵਰੀ ਤੋਂ ਲਾਪਤਾ ਪਤਨੀ ਜੈ ਦੇਵੀ ਬੀਤੇ ਦਿਨ ਖੁਦ ਥਾਣੇ ਆ ਗਈ। ਐਸ ਐਚ ਓ ਨੇ ਕਿਹਾ ਕਿ ਬੁੱਧਵਾਰ ਇੱਕ ਔਰਤ ਦੀ ਲਾਸ਼ ਦਰਿਆ ਵਿੱਚੋਂ ਮਿਲੀ ਸੀ, ਜਿਸ ਦੀ ਪਛਾਣ ਰਮੇਸ਼ ਨਿਸ਼ਾਦ ਨੇ ਆਪਣੀ ਬੇਟੀ ਜੈ ਦੇਵੀ ਵਜੋਂ ਕੀਤੀ ਸੀ। ਜੈ ਦੇਵੀ ਦੇ ਜ਼ਿੰਦਾ ਮਿਲਣ ਪਿੱਛੋਂ ਦਰਿਆ ਵਿੱਚੋਂ ਮਿਲੀ ਲਾਸ਼ ਦੀ ਦੁਬਾਰਾ ਪਛਾਣ ਕਰਨ ਲਈ ਆਸ-ਪਾਸ ਦੇ ਖੇਤਰਾਂ ਤੋਂ ਲਾਪਤਾ ਔਰਤਾਂ ਦੀ ਸੂਚੀ ਮੰਗੀ ਗਈ ਹੈ। ਜਲਦੀ ਹੀ ਉਕਤ ਮ੍ਰਿਤਕ ਔਰਤ ਦੀ ਪਛਾਣ ਬਾਰੇ ਖੁਲਾਸਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਲਾਸ਼ ਦੀ ਗਲਤ ਸ਼ਨਾਖਤ ਕਰਨ ਲਈ ਜੈ ਦੇਵੀ ਦੇ ਪਿਤਾ ਰਮੇਸ਼ ਨਿਸ਼ਾਦ ਵਿਰੁੱਧ ਵੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਦਿੱਲੀ ਬਾਰਡਰ ਤੋਂ ਪ੍ਰਦਰਸ਼ਨਕਾਰੀਆਂ ਨੂੰ ਸ਼ਿਫਟ ਕਰਾਉਣਾ ਚਾਹੁੰਦੇ ਨੇ ਛੋਟੇ ਕਾਰੋਬਾਰੀ

ਨਵੀਂ ਦਿੱਲੀ, 28 ਫਰਵਰੀ (ਪੋਸਟ ਬਿਊਰੋ)- ਖੇਤੀ ਕਾਨੂੰਨਾਂ ਵਿੱਚ ਸੁਧਾਰਾਂ ਦੇ ਖਿਲਾਫ ਸੋਨੀਪਤ ਵਿੱਚ ਕੁੰਡਲੀ ਬਾਰਡਰ ਅਤੇ ਬਹਾਦਰਗੜ੍ਹ ਵਿੱਚ ਟਿਕਰੀ ਬਾਰਡਰ ਉੱਤੇ ਤਿੰਨ ਮਹੀਨੇ ਤੋਂ ਧਰਨੇ ਉੱਤੇ ਬੈਠੇ ਲੋਕਾਂ ਕਾਰਨ ਕੌਮੀ ਰਾਜਧਾਨੀ ਖੇਤਰ ਵਿੱਚ ਛੋਟੇ ਅਤੇ ਮੱਧਮ ਉਦਯੋਗ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਹਨ। ਜਨ ਉਦਯੋਗ ਵਪਾਰ ਸੰਗਠਨ ਨੇ ਪ੍ਰਦਰਸ਼ਨਕਾਰੀਆਂ ਨੂੰ ਦੂਸਰੀ ਜਗ੍ਹਾ ਸ਼ਿਫਟ ਕਰਨ ਦੀ ਮੰਗ ਉਠਾਈ ਹੈ।



ਕਿਹਾ ਜਾਂਦਾ ਹੈ ਕਿ ਕੁੰਡਲੀ ਬਾਰਡਰ ਨੂੰ ਬੰਦ ਕਰਨ ਨਾਲ ਕਰੀਬ 1700 ਉਦਯੋਗ ਅਤੇ ਬਹਾਦਰਗੜ੍ਹ ਵਿੱਚ ਸੱਤ ਸੌ ਉਦਯੋਗਾਂ ਵਿੱਚ ਨਾ ਕੱਚਾ ਮਾਲ ਆ ਰਿਹਾ ਹੈ ਅਤੇ ਨਾ ਤਿਆਰ ਮਾਲ ਬਾਹਰ ਜਾ ਰਿਹਾ ਹੈ। ਇਸ ਸੰਗਠਨ ਦੇ ਚੰਡੀਗੜ੍ਹ ਵਿੱਚ ਕੱਲ੍ਹ ਸ਼ੁਰੂ ਹੋਏ ਦੋ ਦਿਨਾਂ ਕੈਂਪ ਵਿੱਚ ਇਹ ਮੁੱਦਾ ਉਠਿਆ। ਇਸ ਕੈਂਪ ਵਿੱਚ ਹਰਿਆਣਾ, ਪੰਜਾਬ, ਦਿੱਲੀ, ਹਿਮਾਚਲ ਪ੍ਰਦੇਸ਼, ਉਤਰਾਖੰਡ, ਉਤਰ ਪ੍ਰਦੇਸ਼ ਅਤੇ ਗੁਜਰਾਤ ਦੇ ਛੋਟੇ ਅਤੇ ਮੱਧਮ ਕਾਰੋਬਾਰੀ ਤੇ ਪ੍ਰਚੂਨ ਵਪਾਰੀ ਹਿੱਸਾ ਲੈ ਰਹੇ ਹਨ। ਕੈਂਪ ਵਿੱਚ ਈ-ਕਾਮਰਸ ਕੰਪਨੀਆਂ ਅਤੇ ਆਨਲਾਈਨ ਬਾਜ਼ਾਰ ਨੂੰ ਪ੍ਰਮੋਟ ਕਰਨ ਦੀ ਆੜ ਵਿੱਚ ਛੋਟੇ ਵਪਾਰੀਆਂ ਅਤੇ ਐਮ ਐਸ ਐਮ ਈ ਨੂੰ ਬਰਬਾਦ ਕਰਨ ਦਾ ਦੋਸ਼ ਲਾਇਆ ਗਿਆ ਹੈ। ਰਾਸ਼ਟਰੀ ਜਨ ਉਦਯੋਗ ਸੰਗਠਨ ਦੇ ਕਾਰਜਕਾਰੀ ਪ੍ਰਧਾਨ ਅਸ਼ੋਕ ਬੁਵਾਨੀਵਾਲਾ ਨੇ ਕਿਹਾ ਕਿ ਉਹ ਖੇਤੀ ਕਾਨੂੰਨਾਂ ਵਿੱਚ ਸੁਧਾਰਾਂ ਦੇ ਖਿਲਾਫ ਅੰਦੋਲਨਕਾਰੀਆਂ ਦੇ ਨਾਲ ਹਨ, ਪਰ ਸਰਕਾਰ ਨੂੰ ਇਨ੍ਹਾਂ ਨੂੰ ਬਾਰਡਰ ਤੋਂ ਦਿੱਲੀ ਵਿੱਚ ਜੰਤਰ-ਮੰਤਰ ਜਾਂ ਹੋਰ ਥਾਵਾਂ ਉੱਤੇ ਸ਼ਿਫਟ ਕਰਨਾ ਚਾਹੀਦਾ ਹੈ, ਇਸ ਤੋਂ ਪ੍ਰਭਾਵਤ ਖੇਤਰ ਵਿੱਚ ਉਦਯੋਗਿਕ ਸਰਗਰਮੀਆਂ ਸ਼ੁਰੂ ਹੋ ਸਕਣਗੀਆਂ।

# ਸੈਕਸ ਪਾਵਰ ਵਧਾਉਣ ਲਈ ਲੋਕ ਗਧੇ ਦਾ ਮਾਸ ਖਾਣ ਲੱਗ ਪਏ

ਵਿਸ਼ਾਖਾਪਟਨਮ, 28 ਫਰਵਰੀ (ਪੋਸਟ ਬਿਊਰੋ)- ਗਧਿਆਂ ਉੱਤੇ ਸੰਕਟ ਦੇ ਬੱਦਲ ਹਨ ਤੇਉਨ੍ਹਾਂ ਨੂੰ ਖਤਮ ਹੋਣ ਵਾਲੇ ਜਾਨਵਰਾਂ ਦੀ ਸੂਚੀ ਵਿੱਚ ਰੱਖਿਆ ਗਿਆ ਹੈ। ਜੇ ਜਲਦੀ ਹੀ ਗਧਿਆਂ ਦੀ ਆਬਾਦੀਨਾ ਵਧੀ ਤਾਂ ਕਈ ਰਾਜਾਂ ਵਿੱਚ ਇਹ ਜਾਨਵਰ ਪੂਰੀ ਤਰ੍ਹਾਂ ਖਤਮ ਹੋ ਸਕਦਾ ਹੈ।

ਮਿਲੀ ਜਾਣਕਾਰੀ ਮੁਤਾਬਕ ਗਧਿਆਂ ਨੂੰ ਇਨਸਾਨਾਂ ਦੀ ਸੈਕਸ ਪਾਵਰ ਵਧਾਉਣ ਲਈ ਮਾਰਿਆ ਜਾ ਰਿਹਾ ਹੈ। ਫੂਡ ਸੇਫਟੀ ਐਂਡ ਸਟੈਂਡਰਡਜ਼ ਅਥਾਰਟੀ ਆਫ ਇੰਡੀਆ (ਐਫ ਐਸ ਐਸ ਏ ਆਈ) ਦੇ ਮੁਤਾਬਕ ਗਧੇ 'ਫੂਡ ਐਨੀਮਲ' ਦੇ ਤੌਰ ਉੱਤੇ ਰਜਿਸਟਰਡ ਨਹੀਂ ਹਨ, ਇਸ ਲਈ ਇਨ੍ਹਾਂ ਨੂੰ ਮਾਰਨਾ ਨਾਜਾਇਜ਼ ਹੈ। ਪਤਾ ਲੱਗਾ ਹੈ ਕਿ ਆਂਧਰਾ ਪ੍ਰਦੇਸ਼ ਵਿੱਚ ਗਧੇ ਗਾਇਬ ਹੋਣ ਕੰਢੇ ਪਹੁੰਚ ਗਏ ਹਨ। ਇੱਥੇ ਬਾਜ਼ਾਰ ਵਿੱਚ ਗਧੇ ਦਾ ਮਾਸ ਲਗਭਗ 600 ਰੁਪਏ ਕਿਲੋ ਵਿਕਦਾ ਹੈ। ਮੀਟ ਵੇਚਣ ਵਾਲੇ ਇੱਕ ਗਧਾ ਖਰੀਦਣ ਲਈ 15 ਤੋਂ 20 ਹਜ਼ਾਰ ਰੁਪਏ ਤੱਕ ਖਰਚ ਰਹੇ ਹਨ।ਆਮ ਤੌਰ ਉੱਤੇ ਲੋਕ ਗਧਿਆਂ ਦੇ ਮਾਸ ਦੀ ਵਰਤੋਂ ਖਾਣ ਲਈ ਕਰਦੇ ਹਨ, ਪਰ ਆਂਧਰਾ ਪ੍ਰਦੇਸ਼ ਵਿੱਚ ਇਸ ਦੇ ਮਾਸ ਬਾਰੇ ਕਈ ਧਾਰਨਾਵਾਂ ਪਤਾ ਲੱਗੀਆਂ ਹਨ। ਕੁਝ ਲੋਕ ਮੰਨਦੇ ਹਨ ਕਿ ਗਧੇ ਦਾ ਮਾਸ ਖਾਣ ਨਾਲ ਸਾਹ ਦੀ ਸਮੱਸਿਆ ਦੂਰ ਹੁੰਦੀ ਹੈ ਅਤੇ ਸੈਕਸ ਪਾਵਰ ਵੀ ਵਧਦੀ ਹੈ। ਇਨ੍ਹਾਂ ਧਾਰਨਾਵਾਂ ਕਾਰਨ ਲੋਕ ਉਸ ਦੇ ਮਾਸ ਦੀ ਵਰਤੋਂ ਖਾਣ ਵਿੱਚ ਕਰ ਰਹੇ ਹਨ।

# ਇਮਰਾਨ ਖਾਨ ਨੇ ਭਾਰਤ ਨੂੰ ਸੰਬੰਧ ਸੁਧਾਰਨ ਦੇ ਲਈ ਮਾਹੌਲ ਬਣਾਉਣ ਨੂੰ ਕਿਹਾ

ਇਸਲਾਮਾਬਾਦ, 28 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕੱਲ੍ਹ ਭਾਰਤ ਨਾਲ ਗੋਲੀਬੰਦੀ ਸਮਝੌਤੇ ਦਾ ਸੁਆਗਤ ਕਰਦਿਆਂ ਕਿਹਾ ਕਿ ਦੋਵਾਂ ਦੇਸ਼ਾਂ ਦੇ ਸੰਬੰਧਾਂ ਵਿੱਚ ਹੋਰ ਬਿਹਤਰੀ ਲਈ ਵਾਤਾਵਰਨ ਬਣਾਉਣ ਦੀ ਜ਼ਿੰਮੇਵਾਰੀ ਭਾਰਤ ਦੀ ਹੈ। ਉਨ੍ਹਾਂ ਟਵੀਟ ਕੀਤਾ, 'ਮੈਂ ਕੰਟਰੋਲ ਰੇਖਾ ਉੱਤੇ ਗੋਲੀਬੰਦੀ ਦਾ ਸੁਆਗਤ ਕਰਦਾ ਹਾਂ। ਯੂ ਐਨ ਮਤਿਆਂ ਮੁਤਾਬਕ ਕਸ਼ਮੀਰੀ ਲੋਕਾਂ ਵੱਲੋਂ ਆਪਣੇ ਫੈਸਲੇ ਖੁਦ ਲੈਣ ਦੀ ਮੰਗ ਤੇ ਅਧਿਕਾਰ ਲਈ ਭਾਰਤ ਨੂੰ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਹਨ। ਅਸੀਂ ਹਮੇਸ਼ਾ ਸ਼ਾਂਤੀ ਚਾਹੁੰਦੇ ਹਾਂ ਤੇ ਸਾਰੇ ਮੁੱਦਿਆਂ ਦਾ ਹੱਲ ਗੱਲਬਾਤ ਰਾਹੀਂ ਕੱਢਣ ਲਈ ਤਿਆਰ ਹਾਂ।' ਇਸ ਬਾਰੇ ਭਾਰਤ ਦੀ ਪ੍ਰਤੀਕਿਰਿਆ ਅਜੇ ਨਹੀਂ ਆਈ।



ਅਮਰੀਕਾ ਦੇ ਪਾਰਲੀਮੈਂਟ ਮੈਂਬਰ ਗ੍ਰੈਗਰੀ ਮੀਕਜ਼ ਨੇ ਜੰਮੂ ਕਸ਼ਮੀਰ ਤੇ ਹੋਰ ਸੈਕਟਰਾਂ ਵਿੱਚ ਕੰਟਰੋਲ ਰੇਖਾ ਉੱਤੇ ਗੋਲੀਬੰਦੀ ਦੇ ਸਾਰੇ ਸਮਝੌਤਿਆਂ ਦੀ ਪਾਲਣਾ ਕਰਨ ਸਬੰਧੀ ਭਾਰਤ-ਪਾਕਿਸਤਾਨ ਫੌਜਾਂ ਦੇ ਬਿਆਨ ਦਾ ਸੁਆਗਤ ਕਰਦੇ ਹੋਏ ਕਿਹਾ ਕਿ ਇਹ ਪਹਿਲਾ ਕਦਮ ਹੈ, ਜਿਸ ਨਾਲ ਦੋਵਾਂ ਮੁਲਕਾਂ ਵਿੱਚ ਤਣਾਅ ਘਟੇਗਾ। ਵ੍ਹਾਈਟ ਹਾਊਸ ਨੇ ਕਿਹਾ ਸੀ ਕਿ ਦੱਖਣੀ ਏਸ਼ੀਆ ਵਿੱਚ ਸ਼ਾਂਤੀ ਤੇ ਸਥਿਰਤਾ ਲਈ ਇਹ ਸਕਾਰਾਤਮਕ ਹੈ।

# ਦੋ ਸਾਲਾਂ ਬਾਅਦ ਮੈਕਸੀਕੋ ਤੋਂ 25 ਸ਼ਰਨਾਰਥੀ ਅਮਰੀਕਾ 'ਚ ਦਾਖਲ

ਜੁਆਰੇਜ, 28 ਫਰਵਰੀ (ਪੋਸਟ ਬਿਊਰੋ)- ਦੋ ਸਾਲਾਂ ਦੀ ਉਡੀਕ ਪਿੱਛੋਂ 25 ਸ਼ਰਨਾਰਥੀਆਂ ਦਾ ਇੱਕ ਗਰੁੱਪ ਮੈਕਸੀਕੋ ਤੋਂ ਅਮਰੀਕਾ ਦੀ ਸਰਹੱਦ ਵਿੱਚ ਦਾਖਲ ਹੋਇਆ ਹੈ। ਇਹ ਗਰੁੱਪਪਰਵਾਸੀ ਸੁਰੱਖਿਆ ਪ੍ਰੋਟੋਕਾਲ (ਐਮ ਪੀ ਪੀ) ਦੇ ਰੱਦ ਕੀਤੇ ਜਾਣ ਤੋਂ ਬਾਅਦ ਅਮਰੀਕਾ ਦੀ ਸਰਹੱਦ ਵਿੱਚ ਦਾਖਲ ਹੋਇਆ। ਵਰਨਣ ਯੋਗ ਹੈ ਕਿ ਲਗਭਗ 25000 ਸ਼ਰਨਾਰਥੀਆਂ ਦੇਗਰੁੱਪ ਬਾਰੇਐਮ ਪੀ ਪੀ ਦੇ ਤਹਿਤ ਕੇਸ ਚੱਲ ਰਿਹਾ ਹੈ ਅਤੇ ਉਹ ਅਮਰੀਕਾ ਵਿੱਚ ਦਾਖਲ ਹੋਣ ਲਈ ਇਮੀਗਰੇਸ਼ਨ ਸੁਣਵਾਈ ਦੀ ਉਡੀਕ ਕਰ ਰਹੇ ਹਨ। ਇਨ੍ਹਾਂ ਵਿੱਚੋਂ 25 ਸ਼ਰਨਾਰਥੀ ਬੀਤੇ ਸ਼ੁੱਕਰਵਾਰ ਨੂੰ ਅਮਰੀਕਾ ਵਿੱਚ ਦਾਖਲ ਹੋਏ ਹਨ। ਅਮਰੀਕਾ ਨੇ 19 ਫਰਵਰੀ ਨੂੰ ਤਿਜੁਆਨਾ, ਮੈਕਸੀਕੋ ਤੋਂ ਅਮਰੀਕਾ ਦੇ ਸੈਨ ਡਿਏਗੋ, ਕੈਲੀਫੋਰਨੀਆ ਦੇ ਵਿਚਾਲੇ ਪ੍ਰਵੇਸ਼ ਬੰਦਰਗਾਹ ਉੱਤੇ ਪਰਵਾਸੀਆਂ ਦੇ ਦਾਖਲੇ ਦਾ ਕੰਮ ਫਿਰ ਤੋਂ ਸ਼ੁਰੂ ਕੀਤਾ ਹੈ। ਜੋਅ ਬਾਇਡੇਨ ਨੇ ਪਿਛਲੇ ਮਹੀਨੇ ਅਮਰੀਕਾ ਦੇ ਰਾਸ਼ਟਰਪਤੀ ਬਣਨਪਿੱਛੋਂ ਐਮ ਪੀ ਪੀ ਨੂੰ ਰੱਦ ਕਰ ਦਿੱਤਾ ਸੀ। ਫਿਰ ਵੀ ਵ੍ਹਾਈਟ ਹਾਊਸ ਨੇ ਹੋਰ ਪਰਵਾਸੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਨ੍ਹਾਂ ਦੇ ਦਾਖਲ ਹੁੰਦਿਆਂ ਹੀ ਬੰਦਰਗਾਹਾਂ ਤੋਂ ਭਜਾ ਦਿੱਤਾ ਜਾਵੇਗਾ, ਕਿਉਂਕਿ ਅਜੇ ਇਮੀਗਰੇਸ਼ਨ ਨੀਤੀਆਂ ਦੀ ਸਮੀਖਿਆ ਕੀਤੀ ਜਾ ਰਹੀ ਹੈ।



# ਦੁਨੀਆ ਦੀ ਸਭ ਤੋਂ ਵੱਡੀ ਆਰਥਿਕਤਾ ਅਮਰੀਕਾ ਉਤੇ ਕਰਜ਼ੇ ਦਾ ਭਾਰ ਵਧਿਆ

## * ਭਾਰਤ ਤੋਂ ਵੀ 15 ਲੱਖ ਕਰੋੜ ਦਾ ਕਰਜ਼ਾ ਲਿਆ ਹੋਇਐ

ਵਾਸ਼ਿੰਗਟਨ, 28 ਫਰਵਰੀ (ਪੋਸਟ ਬਿਊਰੋ)- ਦੁਨੀਆ ਦੀ ਸਭ ਤੋਂ ਵੱਡੀ ਆਰਥਿਕਤਾ ਅਮਰੀਕਾ ਉੱਤੇ ਦੋ ਦਹਾਕੇ ਵਿੱਚ ਕਰਜ਼ੇ ਦਾ ਭਾਰ ਤੇਜ਼ੀ ਨਾਲ ਵਧਿਆ ਅਤੇ ਭਾਰਤ ਦਾ ਵੀ ਉਸ ਉੱਤੇ 21600 ਕਰੋੜ ਡਾਲਰ ਦਾ ਕਰਜ਼ਾ ਹੈ। ਅਮਰੀਕਾ ਉੱਤੇ ਕੁੱਲ 29 ਹਜ਼ਾਰ ਅਰਬ ਡਾਲਰ ਦਾ ਕਰਜ਼ਾ ਚੜ੍ਹਿਆ ਹੈ।

ਇੱਕ ਅਮਰੀਕੀ ਪਾਰਲੀਮੈਂਟ ਮੈਂਬਰ ਨੇ ਸਰਕਾਰ ਨੂੰ ਦੇਸ਼ ਵਿੱਚ ਵਧਦੇ ਕਰਜ਼ੇ ਦੇ ਭਾਰ ਬਾਰੇ ਜਾਣੂ ਕਰਾਇਆ ਹੈ। ਅਮਰੀਕਾ ਉੱਤੇ ਕਰਜ਼ੇ ਵਿੱਚ ਚੀਨ ਅਤੇ ਜਾਪਾਨ ਦਾ ਕਰਜ਼ਾ ਸਭ ਤੋਂ ਵੱਧ ਹੈ। ਸਾਲ 2020 ਵਿੱਚ ਅਮਰੀਕਾ ਦੇ ਕੁੱਲ ਰਾਸ਼ਟਰੀ ਕਰਜ਼ੇ ਦਾ ਭਾਰ 23400 ਅਰਬ ਡਾਲਰ ਸੀ। ਇਸ ਦਾ ਮਤਲਬ ਕਿ ਹਰ ਅਮਰੀਕੀ ਉੱਤੇ ਔਸਤਨ 72309 ਡਾਲਰ ਕਰਜ਼ਾ ਸੀ।ਅਮਰੀਕੀ ਪਾਰਲੀਮੈਂਟਮੈਂਬਰ ਐਲਕਸ ਮੂਨੀ ਨੇ ਕਿਹਾ ਕਿ ਸਾਡਾ ਕਰਜ਼ਾ ਵਧ ਕੇ 29000 ਅਰਬ ਡਾਲਰ ਤੱਕ ਪਹੁੰਚ ਰਿਹਾ ਹੈ। ਇਸ ਦਾ ਮਤਲਬ ਹੈ ਕਿ ਹਰ ਵਿਅਕਤੀ ਉੱਤੇ ਕਰਜ਼ੇ ਦਾ ਭਾਰ ਵਧ ਰਿਹਾ ਹੈ। ਕਰਜ਼ੇ ਬਾਰੇ ਸੂਚਨਾਵਾਂ ਬਹੁਤ ਗੁੰਮਰਾਹ ਕਰਨ ਵਾਲੀਆਂ ਹਨ ਕਿ ਇਹ ਜਾ ਕਿੱਥੇ ਰਿਹਾ ਹੈ। ਦੋ ਦੇਸ਼ ਚੀਨ ਅਤੇ ਜਾਪਾਨ ਸਭ ਤੋਂ ਵੱਡੇ ਕਰਜ਼ਾਦਾਤਾ ਹਨ, ਉਹ ਅਸਲ ਵਿੱਚ ਅਮਰੀਕਾ ਦੇ ਦੋਸਤ ਨਹੀਂ ਗਿਣੇ ਜਾਂਦੇ।

ਅਮਰੀਕੀ ਪ੍ਰਤੀਨਿਧੀ ਸਭਾ ਵਿੱਚ ਬਾਇਡੇਨ ਸਰਕਾਰ ਦੇ ਲਗਭਗ ਦੋ ਹਜ਼ਾਰ ਅਰਬ ਡਾਲਰ ਦੇ ਹੌਸਲਾ ਅਫਜ਼ਾਈ ਪੈਕੇਜ ਦਾ ਵਿਰੋਧ ਕਰਦੇ ਹੋਏ ਵੈਸਟ ਵਰਜੀਨੀਆ ਦੀ ਅਗਵਾਈ ਕਰਨ ਵਾਲੇ ਪਾਰਲੀਮੈਂਟਐਲਕਸ ਮੂਨੀ ਨੇ ਕਿਹਾ ਕਿ ਚੀਨ ਨਾਲ ਸੰਸਾਰ ਪੱਧਰ ਉੱਤੇ ਸਾਡੀ ਮੁਕਾਬਲੇਬਾਜ਼ੀ ਹੈ, ਉਨ੍ਹਾਂ ਦਾ ਸਾਡੇ ਉੱਤੇ ਬਹੁਤ ਵੱਡਾ ਕਰਜ਼ਾ 1000 ਅਰਬ ਡਾਲਰ ਤੋਂ ਜ਼ਿਆਦਾ ਬਕਾਇਆ ਹੈ। ਅਸੀਂ ਜਾਪਾਨ ਦੇ ਵੀ 1000 ਅਰਬ ਡਾਲਰ ਤੋਂ ਜ਼ਿਆਦਾ ਦੇ ਬਕਾਏਦਾਰ ਹਾਂ। ਇਸ ਬਾਰੇ ਪਾਰਲੀਮੈਂਟ ਮੂਨੀ ਨੇ ਕਿਹਾ ਕਿ ਜੋਦੇਸ਼ ਸਾਨੂੰ ਕਰਜ਼ਾ ਦੇ ਰਹੇ ਹਨ, ਅਸੀਂ ਉਨ੍ਹਾਂ ਦਾ ਕਰਜ਼ਾ ਦੇਣਾ ਵੀ ਹੈ। ਜ਼ਰੂਰੀ ਨਹੀਂ ਕਿ ਇਨ੍ਹਾਂ ਦੇਸ਼ਾਂ ਨੂੰ ਸਾਡੇ ਹਿੱਤ ਦਾ ਧਿਆਨ ਹੋਵੇ, ਜਿਨ੍ਹਾਂ ਬਾਰੇ ਅਸੀਂ ਕਹਿ ਸਕਦੇ ਹਾਂ ਕਿ ਉਹ ਦਿਲ ਵਿੱਚ ਹਮੇਸ਼ਾ ਸਾਡੇ ਹਿੱਤ ਦਾ ਖਿਆਲ ਰੱਖਦੇ ਹਨ। ਉਨ੍ਹਾਂ ਕਿਹਾ ਕਿ ਬਰਾਜ਼ੀਲ ਨੂੰ ਅਸੀਂ 258 ਅਰਬ ਡਾਲਰ ਦੇਣਾ ਹੈ। ਭਾਰਤ ਦਾ ਸਾਡੇ ਉਪਰ ਬਕਾਇਆ 216 ਅਰਬ ਡਾਲਰ ਹੈ। ਸਾਡੇ ਵਿਦੇਸ਼ੀ ਕਰਜ਼ਦਾਤਾਵਾਂ ਦੀ ਇਹ ਸੂਚੀ ਲੰਬੀ ਹੈ। ਸਾਲ 2000 ਵਿੱਚ ਅਮਰੀਕਾ ਉੱਤੇ 5600 ਅਰਬ ਡਾਲਰ ਦਾ ਕਰਜ਼ਾ ਸੀ। ਓਬਾਮਾ ਦੇ ਸਮੇਂ ਇਹ ਦੁੱਗਣਾ ਹੋ ਗਿਆ ਸੀ।

# ਡਰਾਉਣੇ ਪੁਤਲਿਆਂ ਨਾਲ ਸੱਜਿਆ ਪਿਆ ਘਰ ਸਾਢੇ ਛੇ ਲੱਖ ਡਾਲਰ ਦਾ ਵਿਕਣ ਲਈ ਤਿਆਰ

ਸਾਨ ਫਰਾਂਸਿਸਕੋ, 28 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੇ ਸਾਊਥ ਲੇਕ ਤਾਹੋ ਇਲਾਕੇ ਵਿੱਚ ਇੱਕ ਅਜੀਬ ਘਰ ਵਿਕਰੀ ਲਈ ਇਨ੍ਹੀਂ ਦਿਨੀਂ ਇੱਕ ਵੈਬਸਾਈਟ ਉੱਤੇ ਅਪਲੋਡ ਕੀਤਾ ਗਿਆ ਹੈ।

ਜਿਲੋ ਸਾਈਟ ਉੱਤੇ ਲਿਸਟਿਡ ਇਸ ਡੁਪਲੈਕਸ ਘਰ ਦੀ ਕੀਮਤ ਛੇ ਲੱਖ ਪੰਜਾਹ ਹਜ਼ਾਰ ਡਾਲਰ ਰੱਖੀ ਗਈ ਹੈ। ਇਹ ਘਰ ਬਾਹਰੋਂ ਆਮ ਦਿਸਦਾ ਹੈ, ਪਰ ਇਸ ਦੇ ਅੰਦਰ ਕਮਰਿਆਂ ਵਿੱਚ ਡਰਾਉਣੇ ਪੁਤਲੇ ਰੱਖੇ ਹਨ ਅਤੇ ਵੇਚਣ ਵਾਲੇ ਦੀ ਇੱਕੋ ਸ਼ਰਤ ਹੈ ਕਿ ਜੋ ਕੋਈ ਇਸ ਘਰ ਨੂੰ ਖਰੀਦੇ, ਇਨ੍ਹਾਂ ਪੁਤਲਿਆਂ ਸਮੇਤ ਖਰੀਦੇ। ਜਦ ਵੀ ਕੋਈ ਘਰ ਖਰੀਦਣ ਜਾਂਦਾ ਹੈ, ਬਹੁਤ ਖੁਸ਼ ਹੁੰਦਾ ਹੈ, ਪਰ ਪੁਤਲੇ ਦੇਖ ਕੇ ਡਰ ਜਾਂਦਾ ਹੈ। ਘਰ ਵਿੱਚ ਕਰੀਬ ਦਰਜਨ ਫੀਮੇਲ ਮੈਨੀਕਵੀਂਸ ਹਨ ਜਿਨ੍ਹਾਂ ਨੂੰ ਖੂਬਸੂਰਤ ਲਹਿੰਗੇ ਪਹਿ-ਨਾਏ ਗਏ ਹਨ। ਇਸ ਦੇ ਇਲਾਵਾ ਇਥੇ ਵਰਜਿਨ ਮੈਰੀ ਦਾ ਪੁਤਲਾ, ਇੱਕ ਡਾਗ ਦਾ ਪੁਤਲਾ, ਕਈ ਗੁੱਡੀਆਂ ਅਤੇ ਇੱਕ ਆਦਮੀ ਦਾ ਪੁਤਲਾ ਵੀ ਹੈ। ਇੱਕ ਕਮਰੇ ਵਿੱਚ ਡਾਈਨਿੰਗ ਟੇਬਲ ਕੋਲ ਤਿੰਨ ਪੁਤਲੇ ਖੜੇ ਅਤੇ ਇੱਕ ਬਿਠਾ ਕੇ ਰੱਖਿਆ ਹੈ। ਇੱਕ ਹੋਰ ਕਮਰਾ ਦੇਖ ਕੇ ਲੱਗਦਾ ਹੈ ਕਿ ਇੱਥੇ ਕੋਈ ਮਹਿਫਲ ਸਜੀ ਹੋਈ ਹੈ। ਇੰਝ ਲੱਗਦਾ ਹੈ ਕਿ ਇਹ ਘਰ ਇਨਸਾਨ ਨਹੀਂ, ਮੈਨੀਕਵੀਂਸ ਲਈ ਬਣਾਇਆ ਗਿਆ ਹੋਵੇ। ਇਸ ਦੇ ਨਾਲ ਵੇਚਣ ਵਾਲਾ ਇਹ ਦੱਸਣ ਨੂੰ ਤਿਆਰ ਨਹੀਂ ਕਿ ਆਖਰ ਇਥੇ ਪੁਤਲੇ ਰੱਖੇ ਕਿਉਂ ਹਨ। ਅਜੇ ਤੱਕ ਘਰ ਦਾ ਕੋਈ ਖਰੀਦਦਾਰ ਤਾਂ ਨਹੀਂ ਮਿਲ ਰਿਹਾ, ਪਰ ਲੋਕ ਇਸ ਨੂੰ ਲੈ ਕੇ ਐਕਸਾਈਟਿਡ ਜ਼ਰੂਰ ਹਨ।

# ਮਾਪਿਆਂ ਦੀ ਫਿਟਕਾਰ ਕਾਰਨ ਲਾਪਤਾ ਹੋਣ ਦਾ ਡਰਾਮਾ ਰਚਿਆ

ਦੁਬਈ, 28 ਫਰਵਰੀ (ਪੋਸਟ ਬਿਊਰੋ)- ਪੇਪਰਾਂ ਵਿੱਚ ਘੱਟ ਨੰਬਰ ਆਉਣ ਤੋਂ ਨਾਰਾਜ਼ ਮਾਪਿਆਂ ਨੇ ਆਪਣੀ ਬੱਚੀ ਤੋਂ ਮੋਬਾਈਲ ਲੈ ਲਿਆ ਤਾਂ ਬੱਚੀ ਨੇ ਨਾਰਾਜ਼ ਹੋ ਕੇ ਖੁਦ ਦੇ ਲਾਪਤਾ ਹੋਣ ਦਾ ਡਰਾਮਾ ਰਚ ਦਿੱਤਾ। ਪ੍ਰੇਸ਼ਾਨ ਮਾਤਾ-ਪਿਤਾ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਲੰਮੀ ਤਲਾਸ਼ੀ ਦੌਰਾਨ ਲੜਕੀ ਘਰ ਦੀ ਛੱਤ ਉੱਤੇ ਛੁਪੀ ਹੋਈ ਮਿਲੀ।




ਇੱਕ ਰਿਪੋਰਟ ਮੁਤਾਬਕ ਬੀਤੇ ਵੀਰਵਾਰ ਮਾਰਨਿੰਗ ਵਾਕ ਦੌਰਾਨ 15 ਸਾਲਾ ਭਾਰਤੀ ਲੜਕੀ ਹਰਿਨੀ ਕਰਣੀ ਗਾਇਬ ਹੋ ਗਈ। ਪ੍ਰੀਖਿਆ ਵਿੱਚ ਘੱਟ ਨੰਬਰ ਆਉਣ ਉੱਤੇ ਮਾਪਿਆਂ ਵੱਲੋਂ ਸਜ਼ਾ ਦੇਣ ਪਿੱਛੋਂ ਵੀਰਵਾਰ ਸਵੇਰੇ ਤੋਂ ਉਹ ਲਾਪਤਾ ਰਹੀ। ਦੁਬਈ ਪੁਲਸ ਅਨੁਸਾਰ ਲੜਕੀ ਉਮਸ ਸੁਕਇਮ (ਦੁਬਈ) ਵਿੱਚ ਆਪਣੇ ਘਰ ਦੀ ਛੱਤ ਉੱਤੇ ਲੁਕੀ ਹੋਈ ਸੀ, ਕਿਉਂਕਿ ਸਕੂਲ ਵਿੱਚ ਘੱਟ ਨੰਬਰ ਆਉਣ ਪਿੱਛੋਂ ਮਾਤਾ-ਪਿਤਾ ਨੇਸਜ਼ਾ ਦੇ ਰੂਪ ਵਿੱਚ ਉਸ ਦਾ ਫੋਨ ਖੋਹ ਲਿਆ ਸੀ ਤੇ ਉਹ ਦੁਖੀ ਮਹਿਸੂਸ ਕਰ ਰਹੀ ਸੀ। ਪੁਲਸ ਨੇ ਕਿਹਾ ਕਿ ਪਰਵਾਰ ਨੇ ਆਪਣੀ ਲਾਪਤਾ ਬੇਟੀ ਬਾਰੇ ਪੁਲਸ ਨੂੰ ਸੂਚਨਾ ਦਿੱਤੀ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਉੱਤੇ ਘਟਨਾ ਨੂੰ ਸਾਂਝਾ ਕਰ ਕੇ ਲੋਕਾਂ ਦੀ ਮਦਦ ਮੰਗੀ ਸੀ। ਮਾਤਾ-ਪਿਤਾ ਨੂੰ ਡਰ ਸੀ ਕਿ ਉਨ੍ਹਾਂ ਦੀ ਬੇਟੀ ਖੁਦ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

# ਸਕਾਟਲੈਂਡ ਪੁਲਸ ਮੁਤਾਬਕ ਬੱਚਿਆਂ ਦੇ ਆਨਲਾਈਨ ਸ਼ੋਸ਼ਣ ਦਾ ਵਾਧਾ ਹੋ ਰਿਹੈ

ਗਲਾਸਗੋ, 28 ਫਰਵਰੀ (ਪੋਸਟ ਬਿਊਰੋ)- ਸਕਾਟਲੈਂਡ ਵਿੱਚ ਪੁਲਸ ਵੱਲੋਂ ਛਾਪੇ ਗਏ ਨਵੇਂ ਅੰਕੜਿਆਂ ਅਨੁਸਾਰ ਇਸ ਰਾਜ ਵਿੱਚ ਆਨਲਾਈਨ ਪੱਧਰ ਉੱਤੇ ਬੱਚਿਆਂ ਦਾ ਜਿਨਸੀ ਸ਼ੋਸ਼ਣ (ਸੀ ਐਸ ਈ ਏ) ਵਧ ਰਿਹਾ ਹੈ।

ਇਸ ਬਾਰੇ ਸਕਾਟਲੈਂਡ ਪੁਲਸ ਦੀ ਰਿਪੋਰਟ ਅਨੁਸਾਰ ਅਪ੍ਰੈਲ ਤੋਂ ਦਸੰਬਰ 2020 ਵਿਚਾਲੇ ਰਾਸ਼ਟਰੀ ਪੱਧਰ ਉੱਤੇ ਕੁੱਲ 1522 ਬੱਚਿਆਂ ਦੇ ਜਿਨਸੀ ਸ਼ੋਸ਼ਣ ਦੇ ਕੇਸ ਦਰਜ ਕੀਤੇ ਗਏ ਹਨ, ਜੋ 2019 ਤੋਂ 13.4 ਫੀਸਦੀ ਵੱਧ ਹਨ। ਇਹ ਅੰਕੜੇ ਪੰਜ ਸਾਲਾਂ ਦੀ ਔਸਤ ਨਾਲੋਂ ਵੀ 33.9 ਫੀਸਦੀ ਵੱਧ ਹਨ। ਰਿਪੋਰਟ ਵਿੱਚ ਇਹ ਵੀ ਪੁਸ਼ਟੀ ਕੀਤੀ ਗਈ ਕਿ ਸੀ ਐਸ ਏ ਈ ਟਾਸਕ ਫੋਰਸ ਨੇ ਇੱਕ ਸਤੰਬਰ 2020 ਨੂੰ ਕਾਰਵਾਈ ਸ਼ੁਰੂ ਕਰਨ ਪਿੱਛੋਂ 2014 ਲੋਕਾਂ ਨੂੰ ਗ੍ਰਿਫਤਾਰ ਕਰ ਕੇ ਤਕਰੀਬਨ 387 ਬੱਚਿਆਂ ਦੀ ਰੱਖਿਆ ਕੀਤੀ ਗਈ ਸੀ। ਪੁਲਸ ਕਾਰਵਾਈ ਦੌਰਾਨ ਫੜੇ ਗਏ ਲੋਕਾਂ ਵਿੱਚ ਬਹੁਤੇ 14 ਤੋਂ 76 ਸਾਲ ਦੇ ਮਰਦ ਸਨ, ਜਿਨ੍ਹਾਂ ਵਿਰੁੱਧ ਬੱਚਿਆਂ ਨਾਲ ਅਸੱਭਿਅਕ ਭਾਸ਼ਾ, ਜਿਨਸੀ ਸ਼ੋਸ਼ਣ ਦੀਆਂ ਤਸਵੀਰਾਂ ਅਤੇ ਵੀਡੀਓ ਡਾਊਨਲੋਡ ਅਤੇ ਸ਼ੇਅਰ ਕਰਨ ਨਾਲ ਜੁੜੇ ਅਪਾਰਧ ਸ਼ਾਮਲਹਨ।



ਪੁਲਸ ਅਸਿਸਟੈਂਟ ਚੀਫ ਕਾਂਸਟੇਬਲ ਜੂਡੀ ਹੀਟਨ ਅਨੁਸਾਰ ਕੋਰੋਨਾ ਵਾਇਰਸ ਤਾਲਾਬੰਦੀ ਵੇਲੇ ਜ਼ਿਆਦਾਤਰ ਲੋਕ ਅਤੇ ਬੱਚੇ ਇੰਟਰਨੈਟ ਨਾਲ ਜੁੜੇ ਰਹੇ ਹਨ। ਇਸ ਕਰ ਕੇ ਬੱਚਿਆਂ ਦੀ ਡਿਜੀਟਲ ਡਿਵਾਈਸਾਂ, ਐਪਸ ਤੇ ਕਈ ਵੈਬਸਾਈਟਾਂ ਤੱਕ ਪਹੁੰਚ ਵਧੀ ਅਤੇ ਆਨਲਾਈਨ ਬਾਲ ਅਪਰਾਧ ਦੀਆਂ ਰਿਪੋਰਟਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਪੁਲਸ ਅਨੁਸਾਰ ਵਧਦੇ ਅਪਰਾਧਰੋਕਣ ਲਈ ਮਾਪਿਆਂ ਅਤੇ ਬੱਚਿਆਂ ਦੋਵਾਂ ਨੂੰ ਇੰਟਰਨੈਟ ਬਾਰੇ ਜਾਗਰੂਕ ਕਰਨ ਦੇ ਨਾਲ ਅਤੇ ਉਨ੍ਹਾਂ ਦੀ ਰੱਖਿਆ ਦਾ ਕੰਮ ਕੀਤਾ ਜਾ ਰਿਹਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services: Complete Basement, Tiles, Bathrooms, Plumbing, Laminate, Hardwood Floor, Painting
A-1 RENOVATION GTA INC.
22 Listcreek Road, Brampton L6p 2n6

You can Place Your Business Here (905)793-2202
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫ਼ਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife



Call Us For Guaranteed Lowest Airfare
ANY Airline Time Destination Around the World
ticoca IATA
transat sunwing AIR CANADA VACATIONS WESTJET vacations
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)



Marriage Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ



UPPAL LAW
AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY



ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

